# ਵਰਿਆਮ

ਦਸੰਬਰ ੧੯੮੦

੧/੫੦



Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਮਾਸਕ

# ਵਰਿਆਮ

ਦਸੰਬਰ ੧੯੯੦

ਜਿਲਦ ਨੰ: ੬ ਅੰਕ ਨੰ: ੨



| | | |
|---|---|---|
| ਬਿਸਮਿਲ ਫਰੀਦਕੋਟੀ | ਨਵਸ਼ਾਹੀ ਘੁਗਿਆਨਵੀ | ੩ |
| ਅਭਿਸਾਰ (ਕਵਿਤਾ) | ਟੈਗੋਰ | ੪ |
| ਗ਼ਜ਼ਲ | ਸੁਮੇਰ | ੫ |
| ਸਾਹਿਤ ਸਰਗਰਮੀਆਂ | ਅਨੁਭਵੀ | ੭ |
| ਬੀਤੇ ਦੀਆਂ ਪੈੜਾਂ | ਜਗਦੀਸ਼ ਸਿੰਘ | ੯ |
| ਸੋਚਦਾ ਹਾਂ (ਕਹਾਣੀ) | ਰਾਜ ਸ਼ਰਮਾ | ੨੫ |
| ਨਿਕੀ (ਕਹਾਣੀ) | ਕੰਵਲਜੀਤ ਭੁੱਲਰ | ੨੮ |
| ਚੌਗਿਰਦ ਹਮਾਰੇ | ਜਗਦੀਸ਼ ਸਿੰਘ | ੩੧ |
| ਨਹਿਰੂ ਹਾਕੀ ਟੂਰਨਾਮੈਂਟ | ਦਰਸ਼ਕ | ੩੫ |
| ਨਾਮਧਾਰੀ ਸੰਗੀਤ ਕੇਂਦਰ ਜਲੰਧਰ (ਰਿਪੋਰਟ ਬਾਤਸਵੀਰ) | ਅਜਮੇਰ | ੩੭ |



ਸੰਪਾਦਕ ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : ੧-੫੦ ਰੁਪਿਆ

ਸਾਲਾਨਾ ਚੰਦਾ ਦੇਸ : ੧੫ ਰੁਪਏ

" " ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)

" " ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)

ਲਾਈਫ ਮੈਂਬਰਸ਼ਿਪ : ੨੦੦ ਰੁਪਏ ਕੇਵਲ ਦੇਸ ਵਿਚ



ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jullundur-144001
Phone : 72504 P.P


## ਸੰਪਾਦਕੀ ਨੋਟ

ਔਰੰਗਾਬਾਦ ਵਿਚ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਣ ਆਪਣੇ ਸਮੇਂ ਦੀ ਯਾਦਗਾਰੀ ਘਟਨਾ ਹੈ। ਇਸ ਸੰਮੇਲਣ ਤੇ ਗਿਆਂ—ਔਰੰਗ ਬਾਦ—ਦੌਲਤਾਬਾਦ ਦਾ ਕਿਲਾ, ਔਰੰਗਜ਼ੇਬ ਦੀ ਕਬਰ, ਇਲੋਰਾ ਦੀਆਂ ਗੁਫਾਵਾਂ ਅਤੇ ਹਜ਼ੂਰ ਸਾਹਿਬ ਨਾਦੇੜ ਦੀ ਯਾਤਰਾ ਦਾ ਅਵਸਰ ਦੀ ਸੰਪਾਦਕ ਵਰਿਆਮ ਨੂੰ ਮਿਲਿਆ ਹੈ। ਪੂਰੇ ਪੰਦਰਾਂ ਦਿਨ ਭਾਰਤ ਦੀ ਸਾਂਸਕ੍ਰਿਤਕ ਗੋਦ ਵਿਚ ਵਿਚਰਦਿਆਂ ਮਹਾਨ ਕਲਾਕਾਰਾਂ, ਬੁਧੀ ਜੀਵੀਆਂ ਲੇਖਕਾਂ ਦੀ ਸੰਗਤ ਵਿਚ ਬੀਤੇ ਹਨ। ਇਥੇ ਕੇਵਲ ਇਹ ਹੀ ਦਸਣਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵਲੋਂ ਰਚੇ ਇਸ ਸਾਂਸਕ੍ਰਿਤਕ ਯੱਗ ਦੀ ਰਿਪੋਰਟ ਇਕ ਵਖਰੇ ਅੰਕ ਵਿਚ ਤਸਵੀਰਾਂ ਸਹਿਤ ਦੇ ਰਹੇ ਹਾਂ ਤਕਨੀਕੀ ਕਾਰਨਾਂ ਕਰਕੇ ਇਹ ਇਸ ਅੰਕ ਵਿਚ ਨਹੀਂ ਆ ਸਕੀ ਅਤੇ ਸਾਡੇ ਪਛੜੇਵੇਂ ਦਾ ਕਾਰਨ ਵੀ ਇਕ ਵੱਡੇ ਅੰਕ ਦੀ ਤਿਆਰੀ ਹੀ ਹੈ।

ਪਿਛਲੇ ਅੰਕ ਵਿਚੋਂ 'ਵਰਿਆਮ ਛੇਵੇਂ ਸਾਲ ਵਿਚ' ਪੜ੍ਹ ਕੇ ਪਾਠਕਾਂ ਨੇ ਬੜਾ ਉਤਸਾਹ ਜਨਕ ਹੁੰਗਾਰਾ ਦਿਤਾ ਹੈ। ਵਰਿਆਮ ਪ੍ਰਤੀ ਪਾਠਕਾਂ ਦੀ ਸੁਚੇਤਨਾ ਅਤੇ ਜਾਗਰੂਪਤਾ ਸਾਨੂੰ ਨਵੀਆਂ ਪ੍ਰਾਪਤੀਆਂ ਵਲ ਅਗ੍ਰਸਰ ਕਰਦੀ ਰਹਿੰਦੀ ਹੈ। ਅਸੀਂ ਨਵੀਆਂ ਪ੍ਰਾਪਤੀਆਂ ਲਈ ਦ੍ਰਿੜਤਾ ਨਾਲ ਜਤਨਸ਼ੀਲ ਹਾਂ।

ਪਾਠਕਾਂ ਦਾ ਪਿਆਰ ਸਾਡੀ ਸ਼ਕਤੀ ਹੈ, ਸਾਡਾ ਜੀਵਨ ਹੈ। ਉਸ ਪਿਆਰ ਦੇ ਯੋਗ ਹੋਣ ਲਈ ਅਸੀਂ ਤੱਤਪਰ ਹਾਂ।

— ਜਗਦੀਸ਼ ਸਿੰਘ

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।




Sri Satguru Jagjit Singh Ji Elibrary NamdhariElibrary@gmail.com

RAJPAL

# The Leading Name in Construction Machinery



CONCRETE MIXER 10/7 CFT

Manufacturers of :

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCRETE MIXER 7/5

Phones : Office : 529033, 520873
Resi. : 565454

## BALWANT SINGH & SONS

4E/11 JHANDEWALA EXTN.
NEW DELHI-110055



Sri Satguru Jagjit Singh Ji Elibrary NamdhariElibrary@gmail.com

ਜਨਮ ਦਿਨ ਤੇ ਵਿਸ਼ੇਸ਼

**ਰੇਖਾ ਚਿਤਰ**

# ਬਿਸਮਿਲ ਫ਼ਰੀਦਕੋਟੀ

—ਨਵਰਾਹੀ ਘੁਗਿਆਣਵੀ

ਇਨਕਲਾਬੀ ਲੋਕ ਕਵੀ ਬਿਸਮਿਲ ਫ਼ਰੀਦਕੋਟੀ ਦਾ ਜਨਮ ਇੱਕ ਨਵੰਬਰ ੧੯੨੬ ਨੂੰ ਪਿੰਡ ਢੋਲਣ ਸਤਾਈ ਚੱਕ ਜ਼ਿਲ੍ਹਾ ਲਾਹੌਰ ਵਿਖੇ ਪੰਡਿਤ ਪਾਲੀ ਰਾਮ ਦੇ ਘਰ ਹੋਇਆ। ਬਚਪਣ ਵਿਚ ਹੀ ਪਿਤਾ ਜੀ ਦਾ ਸਾਇਆ ਸਿਰ ਤੋਂ ਉੱਠ ਜਾਣ ਕਰ ਕੇ ਸਕੂਲੀ ਪੜ੍ਹਾਈ ਅੱਠਵੀਂ ਜਮਾਤ ਤਕ ਹੀ ਹਾਸਿਲ ਹੋਈ। ਬਾਅਦ ਵਿੱਚ ਨਿਜੀ ਯਤਨਾਂ ਨਾਲ ਉਰਦੂ ਸ਼ਾਇਰੀ ਦਾ ਭਰਪੂਰ ਅਧਿਐਨ ਕੀਤਾ। ਆਰਥਿਕ ਮੰਦਹਾਲੀ ਕਾਰਨ ਬਚਪਨ ਵਿੱਚ ਹੀ ਕਮਊ ਬਣਨਾ ਪਿਆ। ਬਿਸਮਲ ਦਾ ਜੀਵਨ ਘਾਲਣਾ ਭਰਪੂਰ ਸੀ। ਉਸ ਨੇ ਫ਼ੌਜ ਦੀ ਨੌਕਰੀ, ਚੁੰਗੀ ਮੁਹੱਰਰੀ, ਰਿਕਸ਼ਾ ਡਰਾਈਵਰੀ, ਮੁਰਗੀ ਪਾਲਣ, ਮੱਝਾਂ ਚਾਰਨ ਆਦਿਕ ਕਈ ਕਿੱਤੇ ਅਪਣਾਏ। ਪਰ ਉਸ ਨੇ ਹਰ ਕੀਮਤ 'ਤੇ ਆਪਣੇ ਸ੍ਵੈਮਾਨ ਨੂੰ ਕਾਇਮ ਰੱਖਿਆ।

ਬਿਸਮਿਲ ਇੱਕ ਨਿਧੜਕ ਸੋਸ਼ਲ ਵਰਕਰ ਵੀ ਸੀ। ਉਸ ਨੇ ਕਈ ਵਾਰ ਆਪਣੀ ਜਾਨ ਖਤਰੇ 'ਚ ਪਾ ਕੇ ਵੀ ਦੁਖੀਆਂ ਤੇ ਲੋੜਵੰਦਾਂ ਦੀ ਸਹਾਇਤਾ ਕੀਤੀ। ਸੱਚਾ ਕਮਿਊਨਿਸਟ ਹੋਣ ਦੇ ਨਾਤੇ ਉਸ ਨੇ ਮਜ਼ਦੂਰ ਤਬਕੇ ਦੀ ਪੂਰੀ ਅਗਵਾਈ ਕੀਤੀ। ੧੯੫੧ ਵਿੱਚ ਉਸ ਨੇ ਫਰੀਦਕੋਟ ਵਿਖੇ ਮਿਉਂਸਪਲ ਮੁਲਾਜ਼ਮ ਯੂਨੀਅਨ ਕਾਇਮ ਕੀਤੀ ਜੋ ਕਿ ਪੰਜਾਬ 'ਚ ਅਜਿਹੀ ਪਹਿਲੀ ਯੂਨੀਅਨ ਸੀ। ੧੯੫੩ ਵਿੱਚ ਉਸ ਨੇ ਰਿਕਸ਼ਾ ਯੂਨੀਅਨ ਫ਼ਰੀਦਕੋਟ ਦੀ ਨੀਂਹ ਰੱਖੀ। ੧੯੫੬ ਵਿੱਚ ਉਸ ਨੇ ਫ਼ੀਰੋਜ਼ਪੁਰ ਵਿਖੇ ਰਿਕਸ਼ਾ-ਟਾਂਗਾ ਯੂਨੀਅਨ ਖੜ੍ਹੀ ਕੀਤੀ ਜੋ ਸ਼ਾਇਦ ਭਾਰਤ ਵਿਚ ਹੀ ਆਪਣੀ ਕਿਸਮ ਦੀ ਪਹਿਲੀ ਯੂਨੀਅਨ ਸੀ। ਗੱਲ ਕੀ ਬਿਸਮਿਲ ਨੇ ਆਪਣਾ ਸਮੁੱਚਾ ਜੀਵਨ ਲੋਕਤਾ ਦੀ ਸੇਵਾ ਵਿੱਚ ਲਾ ਦਿੱਤਾ। ਤਾਂ ਹੀ ਤਾਂ ਉਹ ਲਿਖਦਾ ਹੈ :

ਮੈਨੂੰ ਵਰ ਦੇਹ, ਮੈਂ ਵਰਾਂ, ਕੁਰਬਾਨੀਆਂ ਦੀ ਦਾਤ ਨੂੰ।
ਹਰ ਅੰਨ੍ਹੇਰੇ 'ਚੋਂ ਉਗਾਵਾਂ, ਸਿਦਕ ਕੀ ਪ੍ਰਭਾਤ ਨੂੰ।
(ਆਰਜ਼ੂ)

ਲੋਕ-ਪੀੜਾ ਨਾ ਕੇਵਲ ਉਸ ਦੇ ਦਿਲ ਵਿਚ ਹੀ ਚੀਸ ਪੈਦਾ ਕਰਦੀ ਸੀ ਸਗੋਂ ਉਸ ਦੇ ਨੌਜਆਨ ਬਦਨ ਨੂੰ ਘੁਣ ਵਾਂਗ ਖਾ ਗਈ ਤੇ ਉਹ ਤਪਦਿਕ ਦਾ ਰੋਗੀ ਹੋ ਕੇ ਸਾਨੂੰ ਛੇ ਸਾਲ ਪਹਿਲਾਂ ਅੱਜ ਦੇ ਦਿਨ ਸਦੀਵੀ ਵਿਛੋੜਾ ਦੇ ਗਿਆ। ਸਾਹਿੱਤ ਸਭਾ ਫਰੀਦਕੋਟ ਜਿਸ ਦਾ ਉਹ ਬਾਨੀ ਸੀ ਅਤੇ ਨੇੜੇ ਤੇੜੇ ਦੀਆਂ ਸਾਹਿਤਕ ਸਭਾਵਾਂ ਨੇ ਉਪਰਾਲਾ ਕਰ ਕੇ ਉਸ ਦੇ ਕਲਾਮ ਨੂੰ ੧੯੭੫ ਵਿੱਚ 'ਖੌਲਦੇ ਸਾਗਰ' ਦੇ ਨਾਂ ਹੇਠ ਛਪਵਾ ਕੇ ਬਿਸਮਿਲ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ। ਜੋ ਸਲਾਹੁਣਯੋਗ ਹੈ।

ਬਿਸਮਿਲ ਦੀ ਕਵਿਤਾ ਦੀ ਸਮੁੱਚੀ ਰੁਚੀ ਲੋਕ ਪੱਖੀ ਹੈ। ਉਸ ਦੀ ਹਰ ਸਤਰ ਉਸਾਰੂ ਅਤੇ ਪ੍ਰੇਰਨਾ ਭਰਪੂਰ ਹੈ। ਉਸ ਨੇ ਗੀਤ, ਕਵਿਤਾ ਅਤੇ ਗਜ਼ਲ ਕਾਵਿ ਰੂਪਾਂ ਵਿੱਚ ਬੜੀ ਸਫਲਤਾ ਨਾਲ ਰਚਨਾ ਕੀਤੀ ਹੈ। ਸਿੱਧੀ ਸਾਦੀ ਲੋਕ ਬੋਲੀ ਵਿੱਚ ਪੇਂਡੂ ਤੇ ਅਛੂਤੀਆਂ ਤਸ਼ਬੀਹਾਂ ਬਿਸਮਿਲ ਦੀ ਕਵਿਤਾ ਦਾ ਖਾਸ ਗੁਣ ਹੈ :

ਜ਼ਮਾਨੇ ਨੇ ਹੈ ਇੰਞ ਦੁਰਕਾਰਿਆ, ਪਿਆਰੋਂ ਨਿਰਾਸੀ ਨੂੰ।
ਜਿਵੇਂ ਬੱਚੇ ਨੇ ਸੁੱਟ ਪਾਇਆ ਏ ਦੁੱਧ ਪੀ ਕੇ ਗਿਲਾਸੀ ਨੂੰ।
(ਵੇਸ਼ੀਆ)

"ਓੜ", "ਚਾਂਦ ਬੀਬੀ", "ਸਵੇਰੀ ਦਾ ਤਾਰਾ", "ਕ੍ਰਾਂਤੀਕਾਰ" ਬਿਸਮਿਲ ਦੀਆਂ ਪ੍ਰਤੀਨਿਧ ਕਵਿਤਾਵਾਂ ਹਨ ਜਿਨ੍ਹਾਂ ਨੂੰ ਉਹ ਅਕਸਰ ਸਟੇਜ 'ਤੇ ਬੋਲਦਾ ਹੁੰਦਾ ਸੀ। ਉਰਦੂ ਫਾਰਸੀ ਲੀਹਾਂ 'ਤੇ ਪੰਜਾਬੀ ਵਿੱਚ ਰੁਬਾਈ ਲਿਖਣ ਦਾ ਕਮਾਲ ਕੇਵਲ ਬਿਸਮਿਲ ਨੇ ਹੀ ਹਾਸਿਲ ਕੀਤਾ। ਵੱਡੀ ਖੂਬੀ ਇਹ ਕਿ ਉਸ ਦੀਆਂ ਰੁਬਾਈਆਂ ਦਾ ਵਿਸ਼ਾ ਵਸਤੂ ਅਗਾਂਹ ਵਧੂ ਹੈ। ਕੁਝ ਰੁਬਾਈਆਂ ਤਾਂ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਚੁਕੀਆਂ ਹਨ। ਬਿਸਮਿਲ ਦੀ ਇੱਕ ਪ੍ਰਸਿੱਧ ਰੁਬਾਈ ਆਪ ਦੀ ਨਜ਼ਰ ਹੈ :

ਹੈ ਦੌਰ ਨਵਾਂ, ਹੀਰ ਪੁਰਾਣੀ ਨਾ ਸੁਣੋ।
ਦੁੱਖ ਚਾਕ ਦਾ, ਸੈਦੇ ਦੀ ਜ਼ੁਬਾਨੀ ਨਾ ਸੁਣੋ।
ਛੇੜੀ ਏ ਜ਼ਮਾਨੇ ਨੇ, ਅਵਾਮਾਂ ਦੀ ਕਥਾ :
ਰਾਜੇ ਤੇ ਨਵਾਬਾਂ ਦੀ ਕਹਾਣੀ ਨਾ ਸੁਣੋ।

ਬਲਬੀਰ ਸਕੂਲ, ਫਰੀਦਕੋਟ



Sri Satguru Jagjit Singh Ji Elibrary NamdhariElibrary@gmail.com

# ਅਭਿਸਾਰ

—ਰਾਵਿੰਦਰ ਨਾਥ ਟੈਗੋਰ

ਸਨਿਆਸੀ ਓਪਗੁਪਤ
ਮਥੁਰਾਪੁਰੀ ਦੀਆਂ ਕੰਧਾਂ ਬਾਹਰ ਇਕ ਵਾਰੀ ਪਏ ਸਨ ਸੁੱਤੇ।
ਬੁਝੇ ਪੌਣ ਨਾਲ ਦੀਪ ਨਗਰ ਦੇ
ਬੰਦ ਹੋਏ ਸਨ ਦੁਆਰ ਘਰਾਂ ਦੇ
ਸਾਵਣ ਦੇ ਮੇਘਾਂ ਵਿਚ ਗਗਨੀਂ ਤਾਰੇ ਪਏ ਵਿਗੁੱਤੇ।

ਹੋਈ ਅਚਾਨਕ ਰੁਨਕ-ਰੁਨਕ ਜਹੀ ਕਿਸੇ ਦੇ ਨੂਰ ਦੀ।
ਸੁਪਨੇ ਛਡਕੇ ਨੀਂਦਰ ਨੱਸੀ
ਤ੍ਰਾਹ ਕੇ ਓਠ ਬੈਠੇ ਸਨਿਆਸੀ
ਦਯਵੰਤ ਨੈਣਾਂ ਤੇ ਪਈ ਜਦ ਲੋ ਇਕ ਦੀਪਕ ਦੀ।

ਨਾਰ ਨਰਤਕੀ ਜੋਬਨ-ਮੱਤੀ ਤੁਰੀ ਕਰਨ ਅਭਿਸਾਰ
ਰੇਸ਼ਮ ਨੀਲਾ ਪਟ ਲੈ ਤਨ ਤੇ
ਰੁਣ-ਝੁਣ ਛਣਕਣ ਗਹਿਣੇ ਓਸਦੇ
ਤ੍ਰਬਕੀ ਵਾਸਵਦੱਤਾ ਸਾਧੂ, ਤੇ ਪਿਆ ਜਿਓਂ ਪਬ ਦਾ ਭਾਰ।

ਦੀਪਕ—ਲੋ ਵਿਚ ਵੇਖੀ ਓਸਨੇ ਨੋ ਗਭਰੂ ਦੀ ਕਾਂਤੀ
ਸ਼ਾਂਤ-ਸੁਸ਼ੀਲ ਤੇ ਖਿੜਿਆ ਮੁਖ ਸੀ
ਕਰੁਣਾ ਭਰੇ, ਸਨ ਖੁਲ੍ਹੇ ਨੈਣ
ਉਜੱਲ ਮੱਥੇ ਬਿਰਾਜੀ ਚੰਨ ਜਹੀ ਸੀਤਲ-ਸ਼ਾਂਤੀ।

ਮਿਠੜੇ ਸੁਰ ਵਿਚ ਯੁਵਤੀ ਬੋਲੀ, ਨੈਣਾਂ ਵਿਚ ਸੀ ਲਾਜ
ਖਿਮਾ ਕਰੋ ਹੇ ਸੁਕੁਮਾਰ
ਮਹਿਲ ਮੇਰੇ ਵਿਚ ਕਰੋ, ਵਿਹਾਰ,
ਇਹ ਕਠੋਰ ਵਰਤੀ ਨਹੀਂ, ਤੇਰੇ ਲਈ ਗੌਣ ਦਾ ਸਾਜ਼।

ਕਰੁਣਾ ਭਰੇ ਕੰਠ ਨਾਲ ਬੋਲੇ ਸਾਧੂ 'ਹੇ ਮਨ ਮੋਹਨੀ,
ਅਜੇ ਨਾਂ ਹੋਈ ਘੜੀ ਮਿਲਣ ਦੀ
ਸੁਕੁਮਾਰੀ ਜਾਓ ਰਾਹ ਘਰ ਦੀ
ਮਿਲਨ ਵੇਲੇ ਆਪੇ ਆਵਾਂਗਾ ਤੇਰੇ ਕੋਲ, ਹੇ ਸੋਹਨੀ।

ਲਿਸ਼ਕੀ ਅਚਾਨਕ ਬਿਜਲੀ ਹੋਇਆ ਲੋਪ ਸਾਧੂ ਦਾ ਚਿਹਰਾ
ਵੇਖ ਕੇ ਡਰ ਨਾਲ ਕੰਬੀ ਯੁਵਤੀ
ਪ੍ਰਲਯ-ਸੰਖ ਪੌਣ ਵਿਚ ਸੁਣਦੀ
ਗਗਨਾਂ ਦੇ ਵਿਚ ਗਰਜਿਆ—ਹਸਿਆ ਬਦਰ ਦਾ ਹਾਸਾ ਖੌਹਰਾ

ਅਜੇ ਨਹੀ ਸੀ ਵਰ੍ਹਾ ਬੀਤਿਆ, ਚੇਤਰ ਸ਼ਾਮਾਂ ਪਈਆਂ
ਬ੍ਰਿਛਾਂ ਤੋਂ ਵੱਰ ਰਹੇ ਫੁੱਲ ਸੀ
ਮਸਤ ਅਤੇ ਮਦਹੋਸ਼ ਪਵਨ ਸੀ
ਮੋਤੀਏ ਚੰਬੇ ਦੀਆਂ ਸੁਗੰਧਾਂ ਰਾਜਬਾਗ 'ਚੋ ਆਈਆਂ।

ਦੂਰ ਕਿਤੇ ਵਜ ਰਹੀ ਕਿਸੇ ਬੰਸੀ ਦੀ ਮਿੱਠੀ—ਧੁੱਨ
ਨਾਰੀ ਛਡਕੇ ਰਾਤ ਦੇ ਵੇਲੇ
ਲੋਕ ਗਏ ਫੁੱਲਾਂ ਦੇ ਮੇਲੇ
ਪੂਰਨਮਾਸੀ ਚੰਨ ਮੁਸਕਾਏ ਮਥੁਰਾ ਵੇਖ ਕੇ ਸੁੱਨ।

ਖਿੜ੍ਹੀ ਦਾਨਣੀ, ਰਾਤ ਇਕੱਲੀ, ਸਨਿਆਸੀ ਹੀ ਯਾਤ੍ਰੀ
ਬ੍ਰਿਛਾਂ ਦੇ ਪਤਰਾਂ ਵਿਚ ਲੁਕ ਕੇ
ਬਿਰਹਣ ਕੋਇਲ ਪਲ ਪਲ ਕੂਕੇ
ਚਿਰਾਂ ਬਾਅਦ ਕੀ ਅੱਜ ਆਈ ਹੈ ਓਹ ਅਭਿਸਾਰ ਦੀ ਰਾਤਰੀ?

ਨਾਰ ਦੇ ਪਹਿਰੇਦਾਰ ਖੜੇ ਨੇ ਬਾਹਰ ਨਾਰੀ ਦੇ
ਅੰਬ ਬ੍ਰਿਛਾਂ ਦੀ ਛਾਂ ਥੱਲੇ ਨੇ
ਨਾਰ ਕੰਧ ਦੇ ਕੋਲ ਖੜੇ ਨੇ
ਕੀ ਇਹ ਓਹੀ ਯੁਵਤੀ ਪਈ ਜੋ ਓਹਨਾ ਦੇ ਪੈਰਾਂ ਤੇ?

ਕਿਸੇ ਭਿਆਨਕ ਰੋਗ ਦੀ ਮਾਰੀ, ਜ਼ਹਿਰ ਭਰੇ ਸਭ ਅੰਗ
ਸੁੰਦਰਤਾ ਉਜੜੀ ਸੀ ਸਾਰੀ
ਅਜ ਦੁੱਖ ਦਰਦਾਂ ਦੀ ਮਾਰੀ
ਸੁੰਨੀ ਪਈ ਪੁਰੀ ਤੋਂ ਬਾਹਰ ਛਡਿਆ ਸਭ ਨੇ ਸੰਗ।

ਸਨਿਆਸੀ ਨੇ ਆਪਣੀ ਝੋਲੀ ਵਿਚ ਓਹਦਾ ਸਿਰ ਰਖ ਕੇ
ਹੋਠਾਂ ਤੇ ਜਲ ਬੂੰਦ ਛਿੜਕ ਕੇ
ਮੱਥੇ ਤੇ ਕੁਝ ਮੰਤਰ ਪੜ੍ਹ ਕੇ
ਓਸਦੇ ਤਨ ਤੇ ਲੇਪ ਜਾਂ ਕੀਤਾ ਸ਼ੀਤਲ ਚੰਦਨ ਲੈ ਕੇ।

ਫੁੱਲ ਵੱਰ੍ਹਨ, ਕੋਇਲਾਂ ਕੂਕਣ, ਮਸਤ ਚਾਂਦਣੀ ਰਾਤ
'ਕੌਣ? ਦਯਾਮਯ ਤੁਸੀਂ ਹੋ ਆਏ'
ਪੁਛਿਆਂ ਯੁਵਤੀ। ਸਨਿਆਸੀ ਕਹੇ,
'ਮਿਲਣ—ਵੇਲਾ ਇਹ ਵਾਸਵਦੱਤਾ, ਆਇਆਂ ਅੱਜ ਦੀ ਰਾਤ।

—ਪੰਜਾਬੀ ਰੂਪਾਂਤਰ
—ਸੰਤੋਸ਼ ਸਾਹਨੀ



Sri Satguru Jagjit Singh Ji Elibrary NamdhariElibrary@gmail.com

# ਗ਼ਜ਼ਲ



ਤੇਰੇ ਮੰਦਰ, ਇਕ ਦੀਵਾ ਅਸੀਂ ਵੀ ਹਾਂ ਜਗਾ ਆਏ
ਨਿਕੀ ਜਹੀ ਲਾਟ, ਪੱਥਰ ਦੀ ਨਜ਼ਰ ਅੱਗੇ ਟਿਕਾ ਆਏ
ਤਦੋ ਇਕ ਕਿਰਨ ਟੁਟ-ਟੁਟ-ਕੇ ਤਿਰੇ ਵਾਲਾਂ 'ਤੇ ਨਚਦੀ ਹੈ
ਬਹੁਤ ਸੰਭਵ ਹੈ ਸਾਡੇ ਦਿਲ ਦੀ ਇਹਨੂੰ ਮੁਸ਼ਕ ਆ ਜਾਏ
ਉਹ ਕਹਿੰਦੇ ਨੇ 'ਤੁਸੀ ਸਾਨੂੰ ਅਜੇ ਤਕ ਸਮਝ ਨਾ ਸੱਕੇ !'
ਅਸੀਂ ਪੁਛਦੇ ਹਾਂ 'ਬਹੁਤਾ ਸਮਝਣ ਦੀ ਨੌਬਤ ਹੀ ਕਿਉ ਆਏ
ਅਸਾਨੂੰ ਇਸ਼ਕ ਦਾ ਨਹੀ ਖਬਤ ਜੋ ਬੇਚੈਨ ਰਹਿੰਦੇ ਹਾਂ
ਅਸੀ ਅੱਜ ਬਿਜਲੀਆਂ ਦੀ ਤੜਪ ਸਿਰ-ਸੀਨੇ 'ਤੇ ਖਾ ਆਏ
ਨਜ਼ਰ ਝਲਦੀ ਨਹੀਂ ਤਕ ਕੇ ਤਿਰੀ ਦੁਨੀਆਂ ਦਾ ਕੋਝ ਏਨਾ
ਇਸ ਆਪਣੀ ਨੁਕਤਾਚੀਨੀ ਤੋਂ ਹਾਂ ਕਈਆਂ ਨੂੰ ਸਤਾ ਆਏ
ਜ਼ਮਾਨੇ ਦੇ ਥਪੇੜੇ ਸਿਰਾਂ ਦੇ ਹੁਲੀਏ ਬਦਲ ਹਨ
ਜ਼ਮਾਨਾ ਬਦਲਦੇ ਹਨ ਜੋ ਤਲੀ 'ਤੇ ਸਿਰ ਟਿਕਾ ਆਏ
ਬੁਝਾ ਕੇ ਸਭ ਮਸ਼ਾਲਾਂ ਡੋਲੀ ਤੇਰੀ ਲੁਟੀ ਜਾਂਦੀ ਸੀ
ਇਹ ਦੂਲੇ ਜ਼ਿੰਦਗੀ ਦੇ, ਸਿਰ ਦੀਆਂ ਜੋਤਾਂ ਜਗਾ ਆਏ
ਉਹ ਵੀ ਧੰਉਂਦੇ ਨੇ ਪੂਰਾ ਪਰ ਕਦੇ ਬੇਹੋਸ਼ ਨਹੀ ਹੁੰਦੇ
ਚੋ ਆਪਣੀ ਤੇ ਪਰਾਇਆਂ ਦੀ ਕਦਰ ਮਨ ਵਿਚ ਵਸਾ ਆਏ
ਬੜੀ ਇਹ ਗਲ ਹੈ ਸੁਖ-ਪ੍ਰੇਮ ਨੂੰ ਛਡ ਚੋਟ ਖਾ ਸਕਣਾ
ਬਿਨਾ ਕੀਮਤ ਤੇ ਪੀੜਾ, ਜ਼ਿੰਦਗੀ ਹਥ ਕਿਸਤਰਾਂ ਆਏ
ਅਜ ਏਨੀ ਮਿਹਰਬਾਨੀ ਹੈ ਕਿ ਮੁਸਕਾਨਾਂ ਦੀ ਵਰਖਾ ਹੈ
ਕਦੇ ਤੀਊੜੀ ਤਿਰੀ 'ਤੇ ਅਸੀਂ ਵੀ ਸਾਂ ਮੁਸਕਰਾ ਆਏ
ਉਹਦੀ ਮਿਹਰਾਂ ਦੀ ਬਾਰਸ਼ ਸਿਰ ਨਾ ਸਾਡਾ ਉਠਣ ਦੇਂਦੀ ਸੀ
ਨਜ਼ਰ ਵਿਚ ਨਜ਼ਰ ਪਾ ਉਹਨੂੰ ਬਹੁਤ ਮੁਸ਼ਕਿਲ 'ਚ ਪਾ ਆਏ
ਜੁਰਮ ਹੈ-ਕਿਉ 'ਸੁਮੇਰ' ਲਿਖਦਾ ਤੇ ਚਿੱਤਰ ਵੀ ਵਾਹੁੰਦਾ ਹੈ
ਉਂ ਨੂੰ ਆਖੋ ਕਿ ਸਾਡੇ ਇਸ਼ਕ ਦੀ ਵਸਤੀ 'ਚ ਨਾ ਆਏ

—ਸੁਮੇਰ

—0—



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE





Sri Satguru Jagjit Singh Ji Elibrary NamdhariElibrary@gmail.com

ਸਾਹਿਤ ਸਰਗਰਮੀਆਂ

# ਰੁਤ ਸਮਾਗਮਾਂ ਦੀ

—ਅਨੁਭਵੀ

ਇਸ ਮਹੀਨੇ ਜਲੰਧਰ ਵਿਚ ਮਹਿੰਦਰ ਭੱਟੀ ਦੀ ਸਾਹਿਤ ਘਾਲਣਾ ਉਤੇ ਹੋਈ ਗੋਸ਼ਟੀ, ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕਰ ਏ ਜਾ ਰਹੇ ਸਮਾਗਮਾਂ ਦੀ ਲੜੀ ਦਾ ਚੰਡੀਗੜ੍ਹ ਚ' ਜਗਤਾਰ ਦੀ ਗ਼ਜ਼ਲ ਸ਼ਬੰਧੀ ਹੋਇਆ ਸਤਾਗਮ ਉਰਦੂ/ਹਿੰਦੀ ਦੇ ਉਘੇ ਕੁਹਾਣੀਕਾਰ ਸ੍ਰੀ ਓਪੇਂਦਰ ਨਾਥ ਅਸ਼ਕ ਦੀ ਪੰਜਾਬ ਫੇਰੀ, ਗਿਣਨਜੋਗ ਸਮਾਗਮ ਹਨ।

ਮਹਿੰਦਰ ਭੱਟੀ ਆਪਣੀਆਂ ਸਾਹਿਤ-ਬਾਹਰੀਆਂ ਸਰਗਰਮੀਆਂ ਕਾਰਨ ਆਪਣੀ ਸਾਹਿਤ-ਸਮਰਥਾ ਨਾਲੋਂ ਬਹੁਤਾ ਜਾਣਿਆ ਜਾਣ ਵਾਲਾ ਲੇਖਕ ਹੈ। ਉਤੋ ਤਿਤੀ ਤਿੰਨ ਕਿਤਾਬਾਂ ਗਜ਼ਲਾਂ, ਗੀਤ, ਕਹਾਣੀਆਂ ਦੀਆਂ ਛਪਾ ਕੇ ਉਸਨੇ ਜਿਹੜਾ 'ਤਹਿਲਕਾ' ਜਲੰਧਰ ਦੇ ਸਾਹਿਤ ਜਗਤ ਵਿਚ ਮਚਾ ਦਿਤਾ ਸੀ—ਗੌਰਮਿੰਟ ਟਰੇਨਿੰਗ ਕਾਲਜ ਵਿਚ ਉਸਦੇ ਸਾਹਿਤ ਦੀ 'ਪਰਖ' ਲਈ ਹੋਈ ਗੋਸ਼ਟੀ ਉਸਦਾ ਸਿਖਰ ਸੀ। ਗੋਸ਼ਟੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਲੰਧਰ ਬਰਾਂਚ ਵਲੋਂ ਹੀ ਰਖੀ ਗਈ ਸੀ ਤੇ ਇਸ ਵਿਚ ਪਰਚੇ ਪੜ੍ਹਨ ਵਾਲਿਆਂ ਵਿਚ ਸ਼ਾਮਲ ਸਨ—ਡਾਕਟਰ ਸ: ਪ: ਸਿੰਘ, ਡਾਕਟਰ ਰਣਧੀਰ ਸਿੰਘ ਚੰਦ ਤੇ ਡੀ.ਏ.ਵੀ ਕਲਾਜ ਦੇ ਇਕ ਪ੍ਰੋਫੈਸਰ ਸ੍ਰੀ ਟੀ. ਡੀ. ਜੋਸ਼ੀ, ਜਿਹੜੇ ਸ੍ਰੀ ਭੱਟੀ ਦੇ ਖਾਸ ਮਿੱਤਰ ਸਨ ਤੇ ਗੋਸ਼ਟੀ ਸਮੇਂ ਬਸ ਸ੍ਰੀ ਜੋਸ਼ੀ ਹੀ ਆਪਣਾ ਪਰਚਾ ਲੈ ਕੇ ਹਾਜ਼ਰ ਹੋਏ। ਸਾਹਿਤ ਗੋਸ਼ਟੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਹੈ ਸ਼ਾਇਦ ਕਿ ਗੋਸ਼ਟੀ ਵਿਚ ਇਸ ਗੱਲ ਉਤੇ ਚਰਚਾ ਹੋਇਆ ਹੋਵੇ ਕਿ ਲੇਖਕ ਨੂੰ ਇਹ ਕਿਤਾਬਾਂ ਹੀ ਨਹੀਂ ਸਨ ਛਪਵਾਉਣੀਆਂ ਚਾਹੀਦੀਆਂ। ਫੇਰ ਵੀ ਹਾਜ਼ਰੀ, ਅਤੇ ਪਰਬੰਧ ਪਖੋਂ ਗੋਸ਼ਟੀ ਕਾਮਯਾਬ ਰਹੀ।

ਪੰਜਾਬ ਯੂਨੀਵਰਸਟੀ ਦੇ ਗਾਂਧੀ ਭਵਨ ਵਿਚ ਜਗਤਾਰ ਦੀ ਗਜ਼ਲ ਉਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਡਾ: ਵਿਸ਼ਵਨਾਥ ਤਿਵਾੜੀ ਤੇ ਸੁਰਿੰਦਰ ਸਿੰਘ ਨਰੂਲਾ ਦੀ ਪ੍ਰਧਾਨਗੀ ਹੇਠ ਹੋਈ ਗੋਸ਼ਟੀ ਵਿਚ ਪ੍ਰੀਤਮ ਸਿੰਘ ਪੀ. ਸੀ. ਐਸ. ਡਾਕਟਰ ਸਤਿੰਦਰ ਸਿੰਘ ਨੂਰ ਅਤੇ ਹਰਿਭਜਨ ਸਿੰਘ ਹਲਵਾਰਵੀ ਵਲੋਂ ਪਰਚੇ ਪੜ੍ਹੇ ਗਏ ਇਸ ਗੋਸ਼ਟੀ ਦੀ ਵਿਸ਼ੇਸ਼ਤਾ ਇਹ ਸੀ ਕਿ ਇਥੇ ਗ਼ਜ਼ਲ ਰੂਪਾਕਾਰ ਦੀ ਪੰਜਾਬੀ ਪ੍ਰਮਾਣਿਕਤਾ ਉਤੇ ਗੰਭੀਰ ਬਹਿਸ ਹੋਈ। ਕੀ ਗ਼ਜ਼ਲ ਰੂਪਾਕਾਰ ਪੰਜਾਬੀ ਸੁਭਾਅ ਅਨਕੂਲ ਹੈ ਵੀ ਕਿ ਅਸੀਂ ਐਵੇਂ ਧੱਕੇ ਨਾਲ ਹੀ ਇਸਦੀ ਵਿਧ ਮੇਲੀ ਜਾ ਰਹੇ ਹਾਂ? ਸਾਰੀ ਬਹਿਸ ਇਸ ਦੁਆਲੇ ਕੇਂਦਰਿਤ ਹੋਈ ਅਤੇ ਇਸੇ ਸੰਦਰਭ ਵਿਚ ਜਗਤਾਰ ਦੀ ਗ਼ਜ਼ਲ ਘਾਲਣਾ ਦਾ ਚਰਚਾ ਹੋਇਆ। ਇਸੇ ਲੜੀ ਦਾ ਅਗਲਾ ਸਮਾਗਮ ਪ੍ਰੇਮ ਪ੍ਰਕਾਸ਼ ਦੇ ਕਹਾਣੀ ਸੰਗ੍ਰਹਿ 'ਸ਼ਕਤੀ' ਉਤੇ ਕਰਨ ਦੇ ਐਲਾਨ ਨਾਲ ਗੋਸ਼ਟੀ ਸਮਾਪਤ ਹੋ ਗਈ।

ਸ੍ਰੀ ਓਪੇਂਦਰ ਨਾਥ ਅਸ਼ਕ ਦਹਾਕਿਆਂ ਬਾਦ ਆਪਣੇ ਜਨਮ ਸ਼ਹਿਰ ਜਲੰਧਰ ਵਿਚ ਆਏ ਤਾਂ ਵਿਥੋਂ ਦੇ ਸਾਹਿਤਕ ਹਲਕਿਆ ਵਲੋਂ ਉਹਨਾਂ ਦਾ ਭਰਪੂਰ ਸੁਆਗਤ ਕੀਤਾ ਗਿਆ। ਵਖ ਵਖ ਅਖਬਾਰਾਂ ਵਲੋਂ ਵੀ ਸਨਮਾਨ ਸਮਾਰੋਹ ਕੀਤੇ ਗਏ ਤੇ ਕੇਂਦਰ ਪੰਜਾਬੀ ਲੇਖਕ ਸਭਾ (ਜਲੰਧਰ) ਵਲੋਂ ਵੀ 'ਨਵਾਂ ਜ਼ਮਾਨਾ' ਦੇ ਦਫ਼ਤਰ ਵਿਚ ਇਕ ਸਮਾਗਮ ਕੀਤਾ ਗਿਆ।—'ਨਵਾਂ ਜ਼ਮਾਨਾਂ' ਦਫ਼ਤਰ ਵਿਚ ਹੋਏ ਸਮਾਗਮ ਦੀ ਪ੍ਰਧਾਨਗੀ ਉਘੇ ਨਾਵਲਕਾਰ ਹਰਨਾਮ ਦਾਸ ਸਹਿਰਾਈ ਨੇ ਕੀਤੀ ਅਤੇ ਇਸ ਵਿਚ ਡਾਕਟਰ ਧਰਮਪਾਲ ਸਿੰਗਲ ਸ:ਸ. ਮੀਸ਼ਾ, ਸੁਰਸ਼ ਸੇਠ, ਅਵਤਾਰ ਜੌੜਾ, ਜਗਦੀਸ਼ ਵਰਿਆਮ, ਅਸ਼ਵਨੀ ਮਿੰਨਾ (ਹਿੰਦ ਸਮਾਚਾਰ) ਮਨਮੋਹਣ ਸਿੰਘ, ਅਵਤਾਰ ਭਾਟੀਆ, ਅਜੀਤ ਸੈਣੀ, ਸੁਰਜਨ ਜ਼ੀਰਵੀ ਤੇ ਬੰਨੇਆਵਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਾਹਿਤਕਾਰ ਤੇ ਪੱਤਰਕਾਰ ਸ਼ਾਮਲ ਹੋਏ। ਇਸ ਤੋਂ ਕੁਝ ਦਿਨਾਂ ਬਾਦ ਅਜੇਹਾ ਹੀ ਇਕ ਸਮਾਗਮ ਅਜੀਤ ਭਵਨ ਵਿਚ ਹੋਇਆ ਜਿਸ ਵਿਚ ਜਲੰਧਰ ਦੇ ਕਵੀਆਂ ਵਲੋਂ ਕਵੀ ਦਰਬਾਰ ਵੀ ਲਾਇਆ ਗਿਆ। ਪਹਿਲੇ ਸਮਾਗਮ ਦੀ ਵਿਸ਼ੇਸ਼ਤਾ ਇਹ ਸੀ ਕਿ ਇਥੇ ਸ੍ਰੀ ਅਸ਼ਕ ਲੋਕਾਂ ਨੂੰ ਸਿਧੇ ਸੰਬੋਧਿਤ ਹੋਏ ਅਤੇ ਸਾਰਾ ਸਮਾਗਮ ਸੁਆਲਾ—ਜੁਆਬਾਂ ਉਤੇ ਹੀ ਉਸਰਿਆ ਤੇ ਬਾਦ ਵਿਚ ਸ੍ਰੀ ਅਸ਼ਕ ਨੇ ਕੁਝ ਕਵਿਤਾਵਾਂ ਸੁਣਾਈਆਂ। ਪਰ 'ਅਜੀਤ ਭਵਨ' ਦੇ ਸਮਾਗਮ ਵਿਚ ਸ੍ਰੀ ਅਸ਼ਕ ਤੇ ਸਰੋਤਿਆਂ ਵਿਚ ਰਵਾਇਤੀ ਸਮਾਗਮਾਂ ਵਾਂਗ ਇਕ 'ਫਰਕ' ਕਾਇਮ ਰਖਿਆ ਗਿਆ। ●



Sri Satguru Jagjit Singh Ji Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

Manufacturers & Suppliers of :

TUKRIDAR PRINTED SHAMIANAS & KANATS

OF ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DELHI-110006**



Sri Satguru Jagjit Singh Ji Elibrary NamdhariElibrary@gmail.com

# ਬੀਤੇ ਦੀਆਂ ਪੈੜਾਂ

– ਜਗਦੀਸ਼ ਸਿੰਘ

ਬੀਤੇ ਦੀਆਂ ਪੈੜਾਂ ਕਾਫੀ ਚਿਰ ਤੋਂ ਸ੍ਰੀ ਪ੍ਰੀਤਮ ਸਿੰਘ ਕਵੀ ਲਿਖ ਰਹੇ ਹਨ। ਉਹਨਾਂ ਵਲੋਂ ਲਿਖਿਆ ਇਹ ਸਿਲਸਲਾ ਚਲਦਾ ਰਹੇਗਾ। ਇਸ ਵਾਰ ਇਸੇ ਹੀ ਲੜੀ ਵਿਚ ਸੰਪਾਦਕ ਵਰਿਆਮ ਦੇ ਲਿਖੇ ਨੋਟਾਂ ਦੇ ਆਧਾਰ ਤੇ ਇਹ ਕਿਸ਼ਤ ਦਿਤੀ ਜਾ ਰਹੀ ਹੈ। ਇਸ ਵਿਚ ਉਨ ਵਕਤ ਦੇ ਮੁਤਾਬਿਕ ਘਟਨਾਵਾਂ ਅਤੇ ਵੱਖ ੨ ਵਿਆਕਤੀਆਂ ਦੀ ਉਨ੍ਹਾਂ ਪ੍ਰਤੀ ਪਹੁੰਚ ਦਰਸਾਉਂਣ ਦਾ ਜਤਨ ਕੀਤਾ ਗਿਆ ਹੈ। ਇਹਨਾਂ ਦੇ ਵਾਪਰਨ ਦੇ ਵੇਲੇ ਤੋਂ ਹੁਣ ਤੱਕ ਸਥਿਤੀ ਬਹੁਤ ਬਦਲ ਚੁਕੀ ਹੈ ਅਤੇ ਵੱਖ ੨ ਵਿਅਕਤੀਆਂ ਅਤੇ ਅਦਾਰਿਆਂ ਦੇ ਰਵੀਏ ਦੀ ਤਬਦੀਲ ਹੋ ਚੁਕੇ ਹਨ। ਇਹ ਕਿਸੇ ਚੰਗੀ ਮੰਦੀ ਭਾਵਨਾ ਨਾਲ ਨਹੀਂ ਬਲਕਿ ਜਿਵੇਂ ਉਸ ਵੇਲੇ ਵਾਪਰਿਆ ਉਸ ਨੂੰ ਸੁਤੇ ਸਿਧ ਹੀ ਲੜੀ ਵਿਚ ਸਾਹਮਣੇ ਲਿਆਉਣ ਲਈ ਹੈ।

੨੩-੫-੭੫

**'ਬੜ੍ਹਤੇ ਕਦਮ'**

ਜਲੰਧਰ ਸ਼ਹਿਰ ਦੇ ਬਰਲਟਨ ਪਾਰਕ ਵਿਚ ਮੈਂ ਮਾਰਚ ਦੇ ਮਹੀਨੇ ਵਿਚ ਇਕ ਕੈਸਟ ਟੇਪ ਲੈਣ ਗਿਆ। ਮੈਨੂੰ ਵੇਖ ਕੇ ਮੈਦਾਨ ਵਿਚ ਖੇਡ ਰਹੇ ਛੋਟੇ ਛੋਟੇ ਮੁੰਡੇ ਕੁਝ ਇਸ ਤਰਾਂ ਕਹਿਣ ਲਗੇ।

'ਪਹਿਲਾ : ਜੋ ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।

ਦੂਜਾ : ਛਾਟ-ਅੱਪ ਜੋ ਛੋਰ ਛਾਰ ਕਰੇਗਾ ਤੋ ਜਾਨ ਸੇ ਮਾਰ ਦੇਗਾ

ਪਹਿਲਾ ; ਓਏ ਅਸੀਂ ਮਰਨ ਤੋਂ ਨਹੀਂ ਡਰਦੇ''

ਅਗੇ ਗਰਾਊਂਡ ਦੇ ਵਿਚ ਇਕ ਚਬੂਤਰੇ ਤੇ ਕੁਝ ਮੁੰਡੇ ਖਲੋਤੇ ਹੋਏ ਵੀ ਇਸੇ ਪ੍ਰਕਾਰ ਜੈਕਾਰੇ ਛੱਡ ਰਹੇ ਸਨ।

ਦਰ ਅਸਲ ਇਹ ਵਾਰਤਾਲਾਪ ਹੁਣੇ ਹੁਣੇ ਹੋ ਕੇ ਹਟੇ ਡਰਾਮਾ ਬੜ੍ਹਤੇ ਕਦਮ ਵਿਚ ਨਾਮਧਾਰੀਆਂ ਬਾਰੇ ਸੀਨ ਵਿਚੋਂ ਸਨ। ਭਾਰਤ ਸਰਕਾਰ ਦੇ ਗੀਤ ਤੇ ਨਾਟ ਵਿਭਾਗ (Song and Drama Division) ਵਲੋਂ ਪ੍ਰਕਾਸ਼ ਅਤੇ ਧਵਨੀ (Light & Sound) ਦੀ ਮਦਦ ਨਾਲ ਜਲੰਧਰ ਵਿਚ ਪਹਿਲੀ ਵਾਰ ਡਰਾਮਾ ਖੇਲਿਆ ਗਿਆ ਸੀ। ਡਰਾਮਾ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਪਹਿਲਾਂ ਤੋਂ ਲੈ ਕੇ ਇਤਿਹਾਸ ਦੀਆਂ ਝਾਕੀਆਂ ਕਲਾਤਮਕ ਅਤੇ ਨਾਟਕੀ ਢੰਗ ਨਾਲ ਪ੍ਰਕਾਸ਼ ਅਤੇ ਰੋਸ਼ਨੀ ਦੀ ਮਦਦ ਨਾਲ ਬੰਗਲਾ ਦੇਸ਼ ਦੀ ਆਜ਼ਾਦੀ ਤੱਕ ਦਰਸਾਉਂਦਾ ਹੈ। ਸ਼ੁਰੂ ਵਿਚ ਆਜ਼ਾਦ ਭਾਰਤ ਵਿਚ ਪੈਂਦੇ ਗਿੱਧੇ ਅਤੇ ਭੰਗੜੇ ਪਾ ਕੇ ਖੁਸ਼ਹਾਲੀ ਦਰਸਾਈ ਗਈ ਹੈ। ਫਿਰ ਅੰਗਰੇਜ਼ ਡਾਕਟਰ ਜਹਾਂਗੀਰ ਬਾਦਸ਼ਾਹ ਦੀ ਲੜਕੀ ਦਾ ਇਲਾਜ ਕਰਕੇ ਭਾਰਤ ਵਿਚ ਤਜਾਰੰਤ ਕਰਨ ਦੀ ਆਗਿਆ ਪ੍ਰਾਪਤ ਕਰਦਾ ਹੈ। ਅੰਗਰੇਜ਼ ਭਾਰਤ ਦੀਆਂ ਮੰਡੀਆਂ ਵਿਚੋਂ ਹੌਲੀ ਹੌਲੀ ਕਿਵੇਂ ਢਾਕੇ ਦੀ ਮਲਮਲ ਅਤੇ ਹੋਰ ਸਮਾਨ ਦੀ ਥਾਂ ਵਲਾਇਤੋਂ ਬਣਿਆ ਸਮਾਨ ਲਿਆ ਕੇ ਵੇਚਦੇ ਹਨ ਅਤੇ ਉਹਨਾਂ ਦਾ ਜ਼ੁਲਮ ਕਿਸਤਰਾਂ ਪਸਰਦਾ ਹੈ। ਇਸ ਦੇ ਖਿਲਾਫ ਸਭ ਤੋਂ ਪਹਿਲੀ ਆਵਾਜ਼ ਸਤਿਗੁਰੂ ਰਾਮ ਸਿੰਘ ਜੀ ਦੀ ਸੀ। ਕੁਮੈਂਟੇਟਰ ਕਹਿੰਦਾ ਹੈ "ਤਬ ਸਤਿਗੁਰੂ ਰਾਮ ਸਿੰਘ ਸੂਰਜ ਕੀ ਤਰਹ ਉਭਰੇ ਔਰ ਉਨਹੋਂ ਨੇ ਦੇਸ਼ ਕੋ ਯਹ ਸੰਦੇਸ਼ ਦੀਆ'

ਤੇ ਫੇਰ ਸਤਿਗੁਰੂ ਜੀ ਦਾ ਸੰਦੇਸ਼ ਸਾਰੇ ਦੇਸ਼ ਵਿਚ ਫੈਲਦਾ ਦਸਦੇ ਹੋਏ ਨਾਲ ਨਾਲ ਇਹ ਗੀਤ ਚਲਦਾ ਹੈ ਜੋ ਕਿ ਅਤਿ ਸੁੰਦਰ ਸੁਰ ਤਾਲ ਵਿਚ ਬੱਝਿਆ ਬਹੁਤ ਪਰਭਾਵ ਪਾਉਂਦਾ ਹੈ।

ਲਭ ਲਿਆ ਏ ਹੱਲ ਦੇਸ਼ ਦੀ ਤੰਗੀ ਦਾ।
ਰਹਿਣ ਨਾ ਦੇਵੋ ਹਿੰਦ 'ਚ ਰਾਜ ਫਰੰਗੀ ਦਾ।

... ... ...

ਐ ਭਾਰਤ ਦੇ ਦੁਖੀਓ ਲੋਕੋ ਕਪੜੇ ਪਾਓ ਸੁਦੇਸ਼ੀ।
ਲੁਟ ਰਿਹਾ ਅੰਗਰੇਜ਼ ਤੁਹਾਨੂੰ ਦੇ ਦੇ ਮਾਲ ਬਦੇਸ਼ੀ।
ਨਾ ਗੋਰੇ ਦੇ ਹੱਥ ਦਾ ਖਾਓ ਨਾ ਕੁਝ ਆਪ ਖਵਾਓ।
ਭੁਖੇ ਮਾਰ ਵਲੈਤੀ ਬਿੱਲੇ ਆਖੋ ਘਰ ਨੂੰ ਜਾਓ।
ਆਪੇ ਜ਼ਾਲਮ ਸਮਝ ਲਵੇਗਾ, ਕਿੰਝ ਲੋਕਾਂ ਨੂੰ ਡੰਗੀਦਾ।
ਰਹਿਣ ਨਾ ਦੇਵੋ ਹਿੰਦ 'ਚ ਰਾਜ ਫਰੰਗੀ ਦਾ......

ਇਸ ਦੀ ਕਿਸੇ ਅਦਾਲਤ ਅੰਦਰ ਹਿੰਦੀਓ ਕੋਈ ਨਾ ਜਾਓ।
ਬਾਲ ਸਕੂਲਾਂ ਵਿਚ ਨਾ ਭੇਜੋ ਤੇ ਵਿਦਿਆ ਆਪ ਪੜ੍ਹਾਓ।
ਡਾਕ ਤਾਰ ਦਾ ਨਾਮਿਲਵਰਤਨ ਮਿਲ ਕੇ ਕਰ ਦਿਓ ਸਾਰੇ।
ਕਰ ਕੇ ਠੱਪ ਵਪਾਰ ਗੋਰੇ ਦਾ ਦਿਨੇ ਵਖਾਓ ਤਾਰੇ।
ਇਲਮ ਹੋ ਜਾਏ ਇਸ ਨੂੰ ਆਪਣੀ ਕੀਤੀ ਮਾੜੀ ਚੰਗੀ ਦਾ।
ਰਹਿਨ ਨਾ ਦੇਵੋ ਹਿੰਦ 'ਚ ਰਾਜ ਫਰੰਗੀ ਦਾ।


Sri Satguru Jagjit Singh Ji Elibrary NamdhariElibrary@gmail.com

ਅਜ ਦੇਸ਼ ਦੇ ਜ਼ੁਲਮ ਸਾਹਮਣੇ ਆਪਣਾ ਸਬਰ ਅਜ਼ਮਾਓ।
ਜੇ ਮਰਨੇ ਦਾ ਵੇਲਾ ਆਏ ਹੱਸ ਹੱਸ ਕੇ ਮਰ ਜਾਓ।
ਜੰਗ ਅਮਨ ਦੀ ਜਿਤਣ ਖਾਤਰ ਹੋ ਜਾਓ ਦੂਣੇ ਚੌਣੇ।
ਜਾਮ ਸ਼ਹੀਦੀ ਪਾ ਲਓ ਸਜਣੋ ਮੁੜ ਵੇਲੇ ਨਹੀਂ ਔਣੇ।
ਮੌਤ ਵੀ ਰਸਤਾ ਰੋਕ ਨਹੀਂ ਸਕਦੀ ਕਦੇ ਅਮਨ ਦੇ ਜੰਗੀ ਦਾ
ਰਹਿਣ ਨਾ ਦੇਵੋ ਹਿੰਦ 'ਚ ਰਾਜ ਫਰੰਗੀ ਦਾ।

ਇਸ ਦੇ ਨਾਲ ਹੀ ਸੰਨ ੧੮੫੭ ਦਾ ਗਦਰ ਸ਼ੁਰੂ ਹੋ ਜਾਂਦਾ ਹੈ। ਅਤੇ ਉਹਨਾਂ ਸਾਰੀਆਂ ਘਟਨਾਵਾਂ ਨੂੰ ਜਿਵੇਂ ਰਾਣੀ ਝਾਂਸੀ, ਕੰਵਰ ਸਾਹਿਬ, ਮੰਗਲ ਪਾਂਡੇ, ਤਾਂਤੀਆ ਟੋਪੇ, ਬਹਾਦਰ ਸ਼ਾਹ ਜ਼ਫਰ ਸਭ ਝਲਕੀਆਂ ਜੰਗੀ ਗੋਲਿਆਂ ਆਵਾਜ਼ਾਂ ਅਤੇ ਪਰਕਾਸ਼ ਤੇ ਹਨੇਰੇ ਨਾਲ ਦਰਸਾਉਂਦੇ ਹੋਇਆਂ ਅੰਤ ਯੂਨੀਅਨ ਜੈਕ ਭਾਰਤ ਤੇ ਲਹਿਰਾ ਜਾਂਦਾ ਹੈ।

ਫਿਰ ਕੁਮੈਂਟੇਟਰ ਕਹਿੰਦਾ ਹੈ ਕਿ ਬਦੇਸ਼ੀਆਂ ਵਲੋਂ ਭਾਰਤੀਆਂ ਨੂੰ ਦਬਾਉਣ ਵਾਸਤੇ ਜਤਨ ਜਾਰੀ ਰਹੇ ਪਰ ਉਹ ਕਾਮਯਾਬ ਨਾ ਹੋ ਸਕੇ "ਔਰ ਫਿਰ ਮਲੇਰਕੋਟਲਾ ਸਤਰਾ ਔਰ ਅਠਾਰਾ ਜਨਵਰੀ ੧੮੭੨।

ਸੀਨ ਸ਼ੁਰੂ ਹੁੰਦਾ ਹੈ। ਸਾਹਮਣੇ ਰੋਸ਼ਨੀ ਪੈਂਦੀ ਹੈ ਕੁਝ ਨਾਮਧਾਰੀ ਸਿੰਘ ਹੱਥ ਕੜੀਆਂ ਵਿਚ ਜੱਕੜੇ ਸੀਨੇ ਤਾਨ ਕੇ ਖੜੇ ਹਨ। ਇਕ ਜੈਕਾਰਾ ਛੱਡਦਾ ਹੈ "ਜੋ ਬੋਲੇ ਸੋ ਨਿਹਾਲ...ਬਾਕੀ ਦੇ...ਸਤਿ ਸ੍ਰੀ ਅਕਾਲ"।

ਅੰਗਰੇਜ਼ਾ ਅਫਸਰ ਕੜਕੇ ਪੈਂਦਾ ਹੈ :

"ਖਬਰਦਾਰ ਅਗਰ ਸ਼ੋਰ ਸ਼ਾਰ ਕਰੇਗਾ ਤੋ ਜਾਨ ਸੇ ਮਾਰ ਦੇਗਾ" ਅਗੋਂ ਜਥੇਦਾਰ ਕੜਕਦਾ ਹੈ :

"ਉਏ ਅਸੀਂ ਮਰਨ ਤੋਂ ਨਹੀਂ ਡਰਦੇ।"

ਫਿਰ ਉਹਨਾਂ ਨੂੰ ਤੋਪਾਂ ਵਲ ਨੂੰ ਲਿਆ ਰਹੇ ਹੁੰਦੇ ਹਨ ਅਤੇ ਉਹ ਗੀਤ ਸ਼ੁਰੂ ਕਰਦੇ ਹਨ।

ਅਸਾਂ ਘਰ ਦੇ ਸਜਣਾਂ ਦੇ ਜਾਣਾ

ਅਸਾਂ ਘਰ ਸਜਨਾਂ ਦੇ ਜਾਣਾ ਚੋਲਾ ਪਾ ਕੇ ਪੀਲੇ ਰੰਗ ਦਾ"।

ਅਫਸਰ ਵੱਟ ਕੇ ਥਪੜ ਮਾਰਦਾ ਹੈ। ਚੁਪ ਹੋ ਜਾਂਦੀ ਹੈ। ਸਿੰਘ ਤੁਰਦੇ ਹਨ ਬੇੜੀਆਂ ਹਥਕੜੀਆਂ ਦੀ ਆਵਾਜ਼ ਆਉਂਦੀ ਹੈ. ਨਾਲ ਸੰਗੀਤ ਵਜਦਾ ਹੈ। ਬੈਕ-ਗਰਾਊਂਡ ਵਿਚੋਂ ਗੀਤ ਗੂੰਜਦਾ ਹੈ "ਅਸਾਂ ਘਰ ਸਜਨਾਂ ਦੇ ਜਾਣਾ..."

ਸਾਹਮਣੇ ਮੈਦਾਣ ਵਿਚੋਂ ਰੋਸ਼ਨੀ ਪੈਂਦੀ ਹੈ।

ਤੋਪਾਂ ਨਾਲ ਕੁਝ ਅਹਿਲਕਾਰ। ਸਾਹਮਣੇ ਮੈਦਾਨ ਵਿਚ ਚਾਰ ਸਿੰਘ ਤੋਪਾਂ ਵਲ ਮੂੰਹ ਕਰ ਕੇ ਖੜੇ ਹਨ। ਗਾਣੇ ਦੇ ਸੰਗੀਤ ਨਾਲ ਸੁਮੇਲ ਕਰਕੇ ਪਲੀਤਾ ਲਾਉਣ ਲਈ ਮਸ਼ਾਲਾਂ ਉਚੀਆਂ ਕੀਤੀਆਂ ਜਾਂਦੀਆਂ ਹਨ। ਪਲੀਤਾ ਲਗਦਾ ਹੈ। ਦਹਾੜ ਦਹਾੜ ਕਰ ਕੇ ਤੋਪਾਂ ਦੇ ਚਲਣ ਦੀ ਆਵਾਜ਼ ਆਉਂਦੀ ਹੈ। ਜ਼ਬਰਦਸਤ ਲਿਸ਼ਕਾਰਾ ਪੈਂਦਾ ਹੈ। ਪਰਤੀਤ ਹੁੰਦਾ ਹੈ ਦੋ ਸਿੰਘ ਸ਼ਹੀਦ ਹੋ ਗਏ ਹਨ। ਉਧਰੋਂ ਫਿਰ ਗੀਤ ਚਲਦਾ ਹੈ। ਇਸੇ ਪ੍ਰਕਾਰ ਸ਼ਹੀਦੀਆਂ ਹੁੰਦੀਆਂ ਹਨ। ਅੰਤ ਉਤੇ ਛੋਟਾ ਬਾਲਕ ਬਿਸ਼ਨ ਸਿੰਘ ਅੰਗਰੇਜ਼ ਅਫਸਰ ਦੀ ਦੌੜ ਕੇ ਜਾ ਕੇ ਦਾੜੀ ਫੜ ਲੈਂਦਾ ਹੈ ਅਤੇ ਉਸ ਨੂੰ ਝੁਕਾ ਲੈਂਦਾ ਹੈ। ਓਥੇ ਵਾਰਤਾਲਾਪ ਹੁੰਦਾ ਹੈ।

ਈਡੀਅਟ ਡਾੜੀ ਕਿਉਂ ਪਕੜਤਾ—ਛੋਡ ਡਾੜੀ,

ਨਹੀਂ ਛਡਾਂਗਾ ਦਾੜ੍ਹੀ ਕਮੀਨਿਆਂ ਨਹੀਂ ਛਡਾਂਗਾ ਉਡਾਦੋ ਤੋਪ ਨਾਲ, ਚਲਾ ਤੋਪ, ਚਲਾ

—ਅਰੇ ਇਸ ਕਾ ਹਾਥ ਕਾਟੋ।

ਇਕ ਸਿਪਾਹੀ ਦੌੜ ਕੇ ਹੱਥ ਕਿਰਪਾਨ ਨਾਲ ਕਟਦਾ ਹੈ। ਬੱਚੇ ਦੀ ਜਾਨ ਨਿਕਲਣ ਦੀ ਆਵਾਜ਼ ਤੇਜ਼ ਸਵਾਸਾਂ ਰਾਹੀਂ ਆਉਂਦੀ ਹੈ। ਹਨੇਰ ਹੋ ਜਾਂਦਾ ਹੈ। ਸਨਾਟਾ ਛਾ ਜਾਂਦਾ ਹੈ। ਦਰਦ ਭਰੀ ਆਵਾਜ਼ ਲਮਕਦੀ ਲੈਅ ਵਿਚ ਆਉਂਦੀ ਹੈ।

ਅਸਾਂ ਘਰ ਸਜਨਾ ਦੇ ਜਾਣਾ ਚੋਲਾ ਪਾ ਕੇ ਪੀਲੇ ਰੰਗ ਦਾ

... ... ...

ਇਸ ਗੀਤ ਵਿਚ ਸੁਰਿੰਦਰ ਕੌਰ, ਪੰਨਾ ਲਾਲ ਕੱਥਕ ਅਤੇ ਹੋਰ ਕਈ ਕਲਾਕਾਰਾਂ ਦੀਆਂ ਆਵਾਜ਼ਾਂ ਲਗਦੀਆਂ ਸਨ। ਗੀਤ ਇਸ ਪ੍ਰਕਾਰ ਸੀ।

ਅਸਾਂ ਘਰ ਸਜਨਾਂ ਦੇ ਜਾਣਾ ਚੋਲਾ ਪਾ ਕੇ ਪੀਲੇ ਰੰਗ ਦਾ

... ... ...

ਦੇਸ਼ ਵਾਸੀਆਂ ਦਾ ਮਾਨ ਵਧਾਉਣਾ ਚੋਲਾ ਪਾ ਕੇ ਪੀਲੇ ਰੰਗ ਦਾ
(ਸੰਗੀਤ:...ਦਹਾੜ—ਦਹਾੜ ਤੋਪਾਂ ਦੀ ਆਵਾਜ਼)
ਅਸਾਂ ਘਰ ਸਜਨਾਂ ਦੇ ਜਾਣਾ ਚੋਲਾ ਪਾ ਕੇ ਪੀਲੇ ਰੰਗ ਦਾ
ਦੇਸ਼ ਵਾਸੀਆਂ ਦਾ ਮਾਨ ਵਧਾਉਣਾ ਚੋਲਾ ਪਾ ਕੇ ਪੀਲੇ ਰੰਗ ਦਾ



Sri Satguru Jagjit Singh Ji Elibrary NamdhariElibrary@gmail.com

ਛੱਤਾ ਸਾਲੂ ਪਹਿਣ ਕੇ ਸ਼ਹੀਦੀ ਵਾਜਾਂ ਮਾਰਦੀ
ਮਹਿੰਦੀ ਰੰਗੇ ਹਥੀਂ ਹੋਣੀ ਆਰਤੀ ਉਤਾਰਦੀ
ਲਾਉਣੀ ਪਲ ਨਹੀਂ ਦੇਰ ਬੋਲੇ ਨਾਮਧਾਰੀ ਸ਼ੇਰ
ਲਾੜੀ ਮੌਤ ਨੂੰ ਅਸੀਂ ਪਰਨਾਉਣਾ
ਚੋਲਾ ਪਾ ਕੇ ਪੀਲੇ ਰੰਗ ਦਾ
'ਦਹਾੜ...ਦਹਾੜ...

ਨਿਕਾ ਇਕ ਬਾਲ ਤੋਪ ਜਿੰਨਾ ਨਹੀਂ ਕੱਦ ਸੀ
ਪਉਣ ਲਈ ਸ਼ਹੀਦੀ ਕਰ ਛੱਡੀ ਉਹਨੇ ਹੱਦ ਸੀ
ਪੈਰਾਂ ਹੇਠ ਮਿੱਟੀ ਰੱਖ ਮੋਲੀ ਗੋਰੇ ਨਾਲ ਅੱਖ
ਕਹਿੰਦਾ ਆਉਂਦਾ ਸਾਨੂੰ ਕੱਦ ਵੀ ਵਧਾਉਣਾ
ਚੋਲਾ -- ਪਾ—ਕੇ—ਪੀਲੇ ਰੰਗ ਦਾ

... ... ...

### ਰੀਹਰਸਲ

ਇਸ ਡਰਾਮੇ ਨੂੰ ਜਲੰਧਰ ਵਿਚ ਪੇਸ਼ ਕਰਨ ਤੋਂ ਪਹਿਲਾਂ ਲੱਗ ਭਗ ਮਹੀਨਾ ਡੇਢ ਕਰਨਲ ਹੇਮ ਚੰਦ ਗੁਪਤੇ ਆਪਣੇ ਅਮਲੇ ਫੈਲੇ ਨਾਲ ਜ਼ਬਰਦਸਤ ਰੀਹਰਸਲ ਕਰਦੇ ਰਹੇ। ਜਲੰਧਰ ਦੇ ਕਾਲਜਾਂ ਚੋਂ ਅਤੇ ਕੁਝ ਹੋਰ ਕਲਾਕਾਰ ਲਗਾਤਾਰ ਰਾਤ ਦੇ ਤਿੰਨ ਵਜੇ ਤਕ ਕੜਕਦੀ ਸਰਦੀ ਵਿਚ ਕੰਮ ਕਰਦੇ ਰਹੇ। ਸਾਰਾ ਬਰਲਟਨ ਪਾਰਕ ਅਤੇ ਲਾਗੇ ਦਾ ਇਲਾਕਾ ਇਕ ਛਾਉਣੀ ਹੀ ਲਗਦਾ ਸੀ। ਰਾਤ ਅੰਗੀਠੀਆਂ ਬਾਲ ਬਾਲ ਕੇ ਕੰਮ ਕਰਦੇ ਸਨ।

### ਸੁਰਜੀਤ ਸਿੰਘ ਜੀਤ

ਸੁਰਜੀਤ ਸਿੰਘ ਜੀਤ ਮੇਰੇ ਪਾਸ ਆਏ ਉਥੇ ਜਾਣ ਨੂੰ। ਮੈਂ ਅਗੇ ਹੀ ਜਾਣਾ ਚਾਹੁੰਦਾ ਸਾਂ। ਅਸੀਂ ਇਕ ਛੇ ਤਸਵੀਰਾਂ ਵਾਲਾ ਇਤਿਹਾਸਕ ਕੈਲੰਡਰ, ਕੁਝ ਲਿਟਰੇਚਰ ਲੈ ਆਏ। ਰਾਤ ਨੂੰ ਰੀਹਰਸਲ ਦੇਖੀ। ਕਰਨਲ ਗੁਪਤੇ ਨਾਲ ਗਲ ਬਾਤ ਕੀਤੀ। ਕਲਾਕਾਰਾਂ ਦੇ ਕਪੜਿਆਂ ਦੀ ਸੁਧਾਈ ਕਰਵਾਈ। ਮੁਖ ਗੀਤਕਾਰ ਦੇ ਹੱਥ ਵਿਚੋਂ ਤੂੰਬੀ ਛਡਵਾ ਕੇ ਹੱਥ ਵਿਚ ਖੂੰਡਾ ਫੜਵਾਇਆ ਅਤੇ ਹੋਰ।

ਕਰਨਲ ਸਾਹਿਬ ਨੇ ਦਸਿਆ ਕਿ ਡਰਾਮਾ ਪੂਰਾ ਇਤਿਹਾਸ ਨਹੀਂ ਕੇਵਲ Symbolic (ਸੰਕੇਤਾਤਮਕ) ਹੈ ਇਸ ਵਾਸਤੇ ਕੁਝ ਡਰਾਮਾਟਾਈਜ਼ ਕਰਨ ਲਈ ਗਲਾਂ ਕਰਨੀਆਂ ਪੈਂਦੀਆਂ ਹਨ (ਬੇੜੀਆਂ ਦੀ ਛਣਕਾਰ, ਪੀਲੇ ਰੰਗ ਦਾ ਚੋਲਾ) ਸਾਡੇ ਸੁਝਾਅ ਤੇ ਸ਼ਹੀਦ ਹੋਣ ਵਾਲੇ ਪਾਤਰਾਂ ਦਾ ਮੂੰਹ ਤੋਪ ਵਲ ਕਰ ਦਿਤਾ ਗਿਆ।

ਸਾਰੇ ਡਰਾਮੇ ਤੇ ਰੀਹਰਸਲ ਬਾਰੇ ਸਤਿਗੁਰਾਂ ਨੂੰ ਲਿਖਿਆ ਉਹਨਾ ਅਗੋਂ ਮਹਾਰਾਜ ਬੀਰ ਸਿੰਘ ਜੀ ਨੂੰ ਦਸਿਆ। ਉਹਨਾਂ ਨੂੰ ਵੀ ਪੂਰਵ ਸੂਚਨਾ ਸੀ। ਇਕ ਦਿਨ ਮਹਾਰਾਜ ਜੀ ਘਰ ਆ ਗਏ। ਡਰਾਮਾ ਦੇਖਣ ਦੀ ਚਾਹ ਪਰਗਟ ਕੀਤੀ। ਮੈਂ ਟੈਲੀਫੋਨ ਤੇ ਡਰਾਮੇ ਵਾਲਿਆਂ ਨੂੰ ਮਹਾਰਾਜ ਜੀ ਦੇ ਆਉਣ ਦਾ ਪਤਾ ਦਿਤਾ। ਮਹਾਰਾਜ ਜੀ ਸਮੇਤ ਅਸੀਂ ਉਥੇ ਪਧਾਰੇ।

### ਮਹਾਰਾਜ ਬੀਰ ਸਿੰਘ

ਡਰਾਮਾ ਮਹਾਰਾਜ ਜੀ ਨੂੰ ਬਹੁਤ ਪਸੰਦ ਆਇਆ। ਕਰਨਲ ਗੁਪਤੇ ਉਥੇ ਹੈ ਨਹੀਂ ਸਨ। ਮਿਸਟਰ ਪਰਸ਼ੋਤਮ ਸ਼ਰਮਾ, ਰਮੇਸ਼ ਨਗਰ ਦਿਲੀ ਦੇ, ਸੁਪਰੀਡੈਂਟ ਸਨ। ਉਹਨਾਂ ਨਿੱਘਾ ਸੁਆਗਤ ਕੀਤਾ। ਫੇਰ ਦਫਤਰ ਵਿਚ ਲੈ ਗਏ। ਰਜਿਸਟਰ ਤੇ ਆਪਣੀ ਰਾਏ ਲਿਖਣ ਨੂੰ ਕਿਹਾ। ਸ੍ਰੀ ਸਵਰਨ ਸਿੰਘ ਸਨੇਹੀ ਅਤੇ ਸ੍ਰੀ ਮਹਾਰਾਜ ਜੀ ਨੇ ਆਪਣੀ ਰਾਇ ਲਿਖੀ। ਦਿਲੀ ਟੈਲੀਫੋਨ ਤੇ ਕਰਨਲ ਗੁਪਤੇ ਨਾਲ ਗਲ-ਬਾਤ ਕਰਵਾਈ ਗਈ। ਮਹਾਰਾਜ ਜੀ ਨੇ ਪਰਸੰਸਾ ਅਤੇ ਆਸ਼ੀਰਵਾਦ ਦਿਤੀ।

### ਸਤਿਗੁਰੂ ਜੀ ਦਾ ਡਰਾਮਾ ਦੇਖਣ ਆਉਣਾ :

ਮੈਨੂੰ ਇਹ ਡਰ ਸੀ ਕਿ ਮਹਾਰਾਜ ਜੀ ਡਰਾਮੇ ਨੂੰ ਨਾ-ਪਸੰਦ ਕਰ ਕੇ ਕਿਤੇ ਇਸ ਦੇ ਬੰਦ ਕਰਵਾਉਣ ਵਾਸਤੇ ਨਾ ਕਹਿ ਦੇਣ ਪਰ ਮਹਾਰਾਜ ਜੀ ਆਪ ਵੀ ਬਹੁਤ ਖੁਸ਼ ਹੋਏ ਅਤੇ ਉਹਨਾਂ ਸਚੇ ਪਾਤਸ਼ਾਹ ਜੀ ਨੂੰ ਵੀ ਡਰਾਮਾ ਦੇਖਣ ਲਈ ਫੁਰਮਾਇਸ਼ ਕੀਤੀ। ਪਰਬੰਧਕਾਂ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਸੀ ਕਿ ਸਤਿਗੁਰੂ ਜੀ ਜ਼ਰੂਰ ਡਰਾਮਾ ਦੇਖਣ ਆਉਣ ਅਤੇ ਉਹਨਾਂ ਦੀ ਆਮਦ ਤੋਂ ਇਕ ਦਿਨ ਪਹਿਲਾ ਜ਼ਰੂਰ ਸੂਚਨਾ ਦਿਤੀ ਜਾਵੇ। ਇਥੇ ਵੀ ਬਹੁਤ ਸਜਨਾਂ ਨੇ ਸਤਿਗੁਰਾਂ ਨਾਲ ਹੀ ਡਰਾਮਾ ਦੇਖਣ ਜਾਣ ਵਾਸਤੇ ਤਿਆਰੀ ਕੀਤੀ ਹੋਈ ਸੀ ਪਰ ਵੀਰਵਾਰ ੧੯-੧੨-੧੯੭੫ ਨੂੰ ਅਚਾਨਕ ਇਤਲਾਹ ਆਈ ਕਿ ਸਚੇ ਪਾਤਸ਼ਾਹ ਜੀ ਡਰਾਮਾ ਦੇਖਣ ਲਈ ਆ ਰਹੇ ਹਨ। ਮੈਂ ਘਰ ਆਇਆ। ਕਪੜੇ ਬਦਲ ਕੇ ਅਜੇ ਮਸੀਤ ਘੁਮਿਆਰਾਂ ਚੌਕ ਵਿਚ ਹੀ ਪੁਜਾ ਸੀ ਸੀ।ਕਿ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ 'ਬੜਤੇ ਕਦਮ' ਡਰਾਮਾ ਦੇਖਣ ਬਾਅਦ, ਭਾਰਤ ਸਰਕਾਰ ਦੇ ਗੀਤ ਨਾਟ ਵਿਭਾਗ ਦੇ ਵਕਤ ਦੇ ਡਾਇਰੈਕਟਰ ਕਰਨਲ ਹੇਮ ਚੰਦ ਗੁਪਤੇ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ। ਸਾਹਮਨੇ ਮਹਾਰਾਜ ਬੀਰ ਜੀ, ਖਬੇ ਵਰਿਆਮ ਸੰਪਾਦਕ ਜਗਦੀਸ਼ ਸਿੰਘ ਅਤੇ ਸਜੇ ਗੁਰਭਜਨ ਸਿੰਘ ਨਾਮਧਾਰੀ।

ਮਿਲ ਪਏ। ਉਹਨਾਂ ਦੇ ਨਾਲ ਹੀ ਕਾਰ ਵਿਚ ਬੈਠ ਕੇ ਘਰ ਆ ਗਏ। ਘਰ ਜਲ ਪਾਣੀ ਦੀ ਕੋਈ ਤਿਆਰੀ ਨਹੀਂ ਸੀ ਅਤੇ ਅਤੇ ਨਾ ਹੀ ਮੈਨੂੰ ਇਕ ਪਾਸੇ ਹੋਣ ਦਿਤਾ ਗਿਆ। ਮੈਨੂੰ ਟੈਲੀ ਫੋਨ ਕਰਨ ਲਈ ਭੇਜ ਦਿਤਾ। ਟੈਲੀ ਫੋਨ ਚੱਕੀ ਵਾਲਿਆਂ ਤੋਂ ਕੀਤਾ। ਕਰਨਲ ਗੁਪਤੇ ਪੂਜਾ ਵਾਸਤੇ ਗਏ ਹੋਏ ਸਨ। ਸਾਨੂੰ ਜਲਦੀ ਪਹੁੰਚਣ ਵਾਸਤੇ ਕਿਹਾ ਗਿਆ। ਅਸੀਂ ਕਾਰ ਤੇ ਉਥੇ ਪੁਜ ਗਏ। ਮਹਾਰਾਜ ਜੀ ਵੀ ਨਾਲ ਸਨ। ਭਾਵੇਂ ਅਸੀਂ ਟਿਕਟਾਂ ਵੀ ਲੈ ਲਈਆਂ ਪਰ ਲੋੜ ਨਾ ਪਈ।)

ਸਤਿਗੁਰੂ ਜੀ ਅਤੇ ਸੰਗਤ ਨੂੰ ਸੋਫਿਆਂ ਤੇ ਸਸ਼ੋਭਤ ਕੀਤਾ ਗਿਆ ਡਰਾਮਾ ਸਚੇ ਪਾਤਸ਼ਾਹ ਜੀ ਨੂੰ ਵੀ ਬਹੁਤ ਪਸੰਦ ਆਇਆ। ਸੋ ਪਿਛੋਂ ਕਰਨਲ ਗੁਪਤੇ ਸਤਿਗੁਰੂ ਜੀ ਨੂੰ ਮਿਲੇ ਚਰਨਾਂ ਨੂੰ ਹੱਥ ਲਾ ਕੇ ਨਮਸਕਾਰ ਕੀਤੀ। ਕਲਾਕਾਰਾਂ ਨੂੰ ਉਹਨਾਂ ਇਕ ਥਾਂ ਇਕਤਰ ਹੋਣ ਲਈ ਕਿਹਾ। ਸਤਿਗੁਰਾਂ ਨੂੰ ਨਾਲ ਲੈ ਕੇ ਆਪਣਾ ਕੰਟਰੋਲ ਰੂਮ ਦਿਖਾਇਆ

ਕਿਥੋਂ ਲਾਈਟਾਂ ਕੰਟਰੋਲ ਹੁੰਦੀਆਂ ਹਨ ਕਿਥੋਂ
ਬੜੀਆਂ ਕੀਮਤੀ ਟੇਪ ਰਿਕਾਰਡਿੰਗ ਮਸ਼ੀਨਾਂ
ਅਤੇ ਹੋਰ ਗਲਾਂ ਬਾਤਾਂ, ਬਚਨ ਬਿਲਾਸ ਹੋਏ। ਕੰ
ਦੇ ਪਿਛੇ ਇਕ ਖੁਲੀ ਥਾਂ ਤੇ ਸਭ ਆਰਟਿਸਟ ਅ
ਦੀ ਕਿਤਾਰ ਵਿਚ ਖੜੇ ਸਨ। ਸਤਿਗੁਰਾਂ ਦੇ ਉਥੇ
ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਸੁਆਰ
ਗਿਆ। ਸਭ ਤੋਂ ਪਹਿਲਾਂ ਸ੍ਰੀ ਪਰਸ਼ੋਤਮ ਸ਼ਰਮਾ
ਪਾਤਸ਼ਾਹ ਜੀ ਨੂੰ ਜੀਓ ਆਇਆਂ ਆਖਿਆ।
ਬਾਰੇ ਜਾਣਕਾਰੀ ਦੇਣ ਬਾਦ ਉਹਣੇ ਆਖਿਆ ਕਿ
ਦੇ ਉਚੇ ਭਾਗ ਹਨ ਜੋ ਸਤਿਗੁਰਾ ਨੇ ਉਹਨਾਂ ਦੇ ਡ
ਚਰਨ ਪਾਏ ਹਨ। ਸਚੇ ਪਾਤਸ਼ਾਹ ਜੀ ਨੇ ਆਪਣੇ
ਵਿਚ ਇਵੇਂ ਉਪਦੇਸ਼ ਦਿਤਾ।

"ਅਸੀਂ ਡਰਾਮਾ ਦੇਖਿਆ ਹੈ ਅਤੇ ਤੁਸਾਂ ਕਲਾਕਾਰ
ਨੇ ਉਸ ਵਿਚ ਬਹੁਤ ਵਧੀਆ ਕੰਮ ਕੀਤਾ ਹੈ। ਤੁਸੀਂ ਜਾ



Sri Satguru Jagjit Singh Ji Elibrary NamdhariElibrary@gmail.com

ਗਏ ਹੋਵੋਗੇ ਕਿ ਕਿਨੀਆਂ ਮੁਸ਼ਕਲਾਂ ਨਾਲ ਇਹ ਆਜ਼ਾਦੀ ਲਈ ਹੈ...... । ਇਸ ਆਜ਼ਾਦੀ ਨੂੰ ਕਾਇਮ ਰਖਣ ਵਾਸਤੇ ਵੀ ਉਨੀ ਹੀ ਘਾਲਣਾ ਅਤੇ ਮਿਹਨਤ ਦੀ ਲੋੜ ਹੈ । ਦੇਸ਼ ਨੂੰ ਅੰਦਰੂਨੀ ਅਤੇ ਬਾਹਰੂਨੀ ਖਤਰਿਆਂ ਤੋਂ ਬਚਾਉਣਾ ਸਾਡਾ ਫਰਜ਼ ਹੈ । ਸਮਾਜ ਵਿਚੋਂ ਮਿਲਾਵਟ, ਜ਼ਖੀਰਾ-ਅੰਦੋਜ਼ੀ, ਬਲੈਕ ਅਤੇ ਰਿਸ਼ਵਤ ਨੂੰ ਖਤਮ ਕਰਨ ਲਈ ਨੌਜੁਆਨਾਂ ਨੂੰ ਹੀ ਅਗੇ ਆਉਣਾ ਚਾਹੀਦਾ ਹੈ...'' ਇਤਿਆਦਿ...

### ਕਲਾਕਾਰਾਂ ਵਿਚ

ਕਰਨਲ ਗੁਪਤੇ ਨੇ ਸਤਿਗੁਰੂ ਜੀ ਦਾ ਧਨਵਾਦ ਕੀਤਾ ਅਤੇ ਕਲਾਕਾਰਾਂ ਨੂੰ ਸਤਿਗੁਰੂ ਜੀ ਨੂੰ ਮਿਲਣ ਦੀ ਆਗਿਆ ਦਿਤੀ। ਇਸ ਤੇ ਸਭ ਕਲਾਕਾਰਾਂ ਨੇ ਵਾਰੀ ਵਾਰੀ ਸਤਿਗੁਰੂ ਜੀ ਦੇ ਪੈਰੀਂ ਹੱਥ ਲਾ ਲਾ ਕੇ ਨਮਸਕਾਰ ਕੀਤੀ। ਇਹਨਾਂ ਵਿਚ ਸ. ਜਗਦੀਸ਼ ਸਿੰਘ ਵਾਇਲਨ ਵਾਦਕ ਅਤੇ...ਚੱਠਾ ਵੀ ਸੀ। ਜਿਹੜੇ ਮਾਡਲ ਟਾਊਨ ਰਹਿੰਦੇ ਹਨ ਅਤੇ ਜਿਨ੍ਹਾਂ, ਜਲੰਧਰ ਧਰਮਸਾਲਾ ਵਿਚ ਸੰਗੀਤ ਪ੍ਰੋਗਰਾਮ ਵਿਚ ਸ. ਮਹਿੰਦਰ ਸਿੰਘ ਨਾਲ ਤਾਨਪੂਰਾ ਵਜਾਇਆ ਸੀ। ਸਤਿਗੁਰਾਂ ਉਹਨਾਂ ਦਾ ਨਾਮ ਲੈ ਕੇ ਹਾਲ-ਚਾਲ ਪੁਛਿਆ । ਉਹ ਹੈਰਾਨ ਰਹਿ ਗਏ । ਏਨੀ ਯਾਦਾਸ਼ਤ। ਫਿਰ ਦਫਤਰ ਵਿਚ ਆ ਕੇ ਗਲਾਂ ਬਾਤਾਂ ਵਿਚ ਕਰਨਲ ਸਾਹਿਬ ਨੇ ਸਤਿਗੁਰੂ ਜੀ ਨੂੰ ਸੁਝਾਓ ਦਿਤਾ ਕਿ ਇਕ ਪੂਰਾ ਡਰਾਮਾ ਕੇਵਲ ਨਾਮਧਾਰੀਆਂ ਉਪਰ ਹੀ ਤਿਆਰ ਕਰਵਾਉਨ ਲਈ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਜਾਵੇ । ਗਲਾਂ-ਬਾਤਾਂ ਦੌਰਾਨ ਨਾਮਧਾਰੀ ਸ਼ਹੀਦਾਂ ਬਾਰੇ ਸਤਿਗੁਰਾਂ ਨੇ ਅਨੇਕ ਬਚਨ ਕੀਤੇ ਜਿਸ ਨੂੰ ਸੁਣ ਕੇ ਸਭ ਅੱਸ਼ ਅੱਸ਼ ਕਰ ਉਠੇ।

ਹਾਜ਼ਰ ਵਿਅਕਤੀਆਂ ਵਿਚ ਹੰਸ ਰਾਜ ਮਹਿਲਾ ਮਹਾਂ ਵਿਦਿਆਲਾ ਦੀ ਪ੍ਰਿੰਸੀਪਲ ਕੁਮਾਰੀ ਵਿਦਿਆ ਵਤੀ ਵੀ ਸ਼ਾਮਲ ਸੀ । ਹੁਣ ਤੱਕ ਸਤਿਗੁਰਾਂ ਦੀ ਕਾਰ ਡਰਾਮਾ ਸਥਲ ਦੇ ਅੰਦਰ ਹੀ ਮੰਗਵਾ ਲਈ ਗਈ ਸੀ । ਵਾਪਸ ਘਰ ਆਏ। ਮੰਜੀਆਂ ਡਠੀਆਂ ਅਤੇ ਵਿਛੇ ਬਿਸਤਰੇ ਬਾਹਰ ਕੀਤੇ। ਸਤਿਗੁਰੂ ਜੀ ਉਥੇ ਸਾਦਾ ਜਿਹੇ ਮੰਜੇ ਤੇ ਬਿਰਾਜ ਗਏ। ਘਰ ਵਿਚ ਜੋ ਥੋਹੜਾ ਜਿਹਾ ਦੁਧ ਸੀ ਉਹ ਹੀ ਪਰਵਾਨ ਕਰ, ਛਕ ਕੇ ਵਿਦਾ ਹੋਏ।

ਇਕ ਚਮਤਕਾਰਾ ਥੋਹੜੇ ਸਮੇਂ ਵਿਚ ਹੀ ਕਰ ਗਏ।

ਉਸ ਦਿਨ ਪਿਛੋਂ ਸਾਰਾ ਗੁਰੂ ਪਰਵਾਰ, ਸਾਧ ਸੰਗਤ ਡਰਾਮਾ ਦੇਖਣ ਆਉਂਦੀ ਰਹੀ। ਪੰਡਤ ਗੋਪਾਲ ਸਿੰਘ, ਮਾਸਟਰ ਨਿਹਾਲ ਸਿੰਘ ਅਤੇ ਹੋਰ ਉਘੇ ਜਥੇਦਾਰ ਤੇ ਨੇਤਾ ਆਦਿ ਪਧਾਰੇ।

ਇਸ ਡਰਾਮੇ ਦੇ ਬਹਾਨੇ ਕਈ ਵਾਰ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਹੋਰ ਸਾਧ ਸੰਗਤ ਹੁਮ ਹੁਮਾ ਕੇ ਆਉਂਦੀ ਰਹੀ।

ਇਕ ਦਿਨ ਫੇਰ ਸਤਿਗੁਰੂ ਜੀ ਆਏ। ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਦਰਸ਼ਨ ਦਿੰਦੇ ਰਹੇ। ਸੰਤ ਦਰਸ਼ਨ ਸਿੰਘ ਰਾਗੀ ਜੀ ਨੂੰ ਡਰਾਮੇ ਵਿਚ ਮੈਂ ਨਾਲ ਲੈ ਕੇ ਗਿਆ । ਸਾਈਕਲ ਜਮਾ ਕਰਾ ਰਿਹਾ ਸਾਂ। ਡਰਾਮੇ ਦਾ ਸੰਗੀਤ ਵਜਿਆ ਤੇ ਲੋਕ ਦੌੜੇ। ਸੰਤ ਜੀ ਵੀ ਨਾਲ ਹੀ ਲਾ-ਪਤਾ ਹੋ ਗਏ। ਮਸਾਂ ਅੰਦਰ ਪੰਡਾਲ ਵਿਚੋਂ ਲਭੇ। ਕਹਿਣ ਲਗੇ ਮੈਂ ਆਵਾਜ਼ ਦੇ ਆਇਆ ਸੀ। ਖੈਰ ! ਵਿਸ਼ੇਸ਼ ਕੁਰਸੀਆਂ ਦੀ ਥਾਂ ਉਹ ਆਪ ਪੌੜੀਆਂ ਤੇ ਹੀ ਅਨੰਦ ਨਾਲ ਬੈਠੇ ਰਹੇ। ਭਾਵੇਂ ਡਰਾਮੇ ਦੇ ਪਰਬੰਧਕਾਂ ਨੇ ਹੋਰ ਕੁਰਸੀ ਵੀ ਹੇਠ ਦਫਤਰ ਚੋਂ ਭਿਜਵਾਈ ਪਰ ਹਨੇਰਾ ਹੋਣ ਕਾਰਣ ਸੰਤਾਂ ਨੂੰ ਉਥੇ ਹੀ ਰਹਿਣ ਦਿਤਾ ਗਿਆ। ਮੈਂ ਵਾਪਸ ਆ ਗਿਆ ਅਤੇ ਸੰਤਾਂ ਨੂੰ ਕਹਿ ਆਇਆ ਕਿ ਹੋਰ ਆਦਮੀ ਭੇਜਾਂਗਾ ਜੋ ਡਰਾਮੇ ਦੇ ਖਾਤਮੇ ਤੇ ਆਪ ਨੂੰ ਗੇਟ ਤੋਂ ਲੈ ਲਵੇਗਾ ਤੇ ਸੋਧੀ ਅਜੀਤ ਸਿੰਘ ਦੇ ਘਰ ਛੱਡ ਆਵੇਗਾ। ਮੈਂ ਆਣਕੇ ਸੰਤ ਬਲਬੀਰ ਸਿੰਘ (ਸਪੁਤਰ ਸੰਤ ਸੌਦਾਗਰ ਸਿੰਘ) ਬਸਤੀ ਭੂਰੇ ਖਾਂ ਵਾਲਿਆਂ ਨੂੰ ਭੇਜਿਆ । ਉਹ ਬਹੁਤ ਉਡੀਕ ਕੇ ਵਾਪਸ ਆ ਗਏ ਪਰ ਕੋਈ ਨਾ ਮਿਲਿਆ। ਸੰਤ ਜੀ ਨਾਮਧਾਰੀ ਸਿੰਘਾ ਵਾਲਾ ਦ੍ਰਿਸ਼ ਵੇਖ ਕੇ ਹੀ ਉਥੋਂ ਉਠ ਆਏ ਤੇ ਸੋਧੀ ਸਾਹਿਬ ਦੇ ਘਰ ਪੁਜ ਗਏ।

### ਸੇਠ ਤ੍ਰਲੋਕ ਸਿੰਘ

ਇਕ ਦਿਨ ਦਿਲੀ ਤੋਂ ਸੇਠ ਤ੍ਰਲੋਕ ਸਿੰਘ ਜੀ ਤੇ ਸ: ਹਰਵਿੰਦਰ ਸਿੰਘ ਜੀ ਨੇ ਵੀ ਆਉਣਾ ਸੀ ਇਸ ਤੋਂ ਪਹਿਲਾਂ ਸਚੇ ਪਾਤਸ਼ਾਹ ਜੀ ਅਤੇ ਮਾਤਾ ਜੀ ਵੱਡੇ ਆ ਗਏ। ਪਰੇਸ ਤੇ ਹੁਕਮ ਕਰ ਆਏ ਕਿ ਆਪਣੀ ਘਰ ਵਾਲੀ ਨੂੰ ਲੈ ਕੇ ਰਾਜਾ ਹਸਪਤਾਲ ਪਹੁੰਚ। ਪ੍ਰੋਗਰਾਮ ਇਹ ਸੀ ਕਿ ਮਾਤਾ ਜੀ ਡਰਾਮਾ ਦੇਖ ਲੈਣਗੇ। ਸਚੇ ਪਾਤਸ਼ਾਹ ਜੀ ਪਿਛੇ ਧਰਮਸਾਲਾ ਰਹਿਣਗੇ



Sri Satguru Jagjit Singh Ji Elibrary NamdhariElibrary@gmail.com

ਅਤੇ ਬਚਿਆਂ ਪਾਸੋਂ ਸੰਗੀਤ ਸੁਨਣਗੇ। ਅਸੀਂ ਡਰਾਮਾ ਅਸਥਾਣ ਪੁਜ ਗਏ। ਸੋਫੇ ਉਤੇ ਮਾਤਾ ਜੀ ਬਖਸ਼ੀਸ਼ (ਮੇਰੀ ਪਤਨੀ) ਅਤੇ ਮੈਂ ਬੈਠ ਗਏ। ਦਿਲੀ ਦੀ ਸੰਗਤ ਵਾਸਤੇ ਕੁਝ ਸੀਟਾਂ ਰਾਖਵੀਆਂ ਰੱਖ ਲਈਆਂ ਗਈਆਂ। ਡਰਾਮਾ ਸ਼ੁਰੂ ਹੋਣ ਪਿਛੋਂ ਥੋਹੜੀ ਦੇਰ ਬਾਅਦ ਸੇਠ ਤ੍ਰਲੋਕ ਸਿੰਘ ਸੇਠਣੀ ਮਹਿੰਦਰ ਕੌਰ ਅਤੇ ਸ: ਹਰਵਿੰਦਰ ਸਿੰਘ ਹੰਸਪਾਲ ਜੀ ਆ ਗਏ। ਮੈਂ ਹਨੇਰੇ ਵਿਚ ਅੰਦਾਜ਼ੇ ਨਾਲ ਹੀ ਪਛਾਣ ਕੇ ਸੁਆਗਤਿਆ। ਸੇਠਣੀ, ਮਾਤਾ ਜੀ ਅਤੇ ਬਖਸ਼ੀਸ਼ ਕੌਰ ਨਾਲ ਬੈਠ ਗਏ। ਅਸੀਂ ਸਾਰੇ ਨਾਲ ਕੁਰਸੀਆਂ ਤੇ ਹੋ ਗਏ। ਮਗਰੋਂ ਸਤਿਗੁਰਾਂ ਦਾ ਡਰਾਈਵਰ ਸੇਵਕ ਗੁਰਮੁਖ ਸਿੰਘ ਹਨੇਰੇ ਵਿਚ ਲਭਦਾ ਲਭਦਾ ਆ ਗਿਆ। ਉਸ ਦਸਿਆ ਕਿ ਸਚੇ ਪਾਤਸ਼ਾਹ ਜੀ ਵੀ ਆਏ ਹਨ। ਮੈਂ ਫੇਰ ਉਪਰ ਜਾ ਕੇ ਵੇਖਿਆਂ ਆਪ ਬੁਕਲ ਮਾਰ ਕੇ ਖੜੇ ਹਨ। ਬੈਟਰੀ ਦੀ ਲਾਈਟ ਪੈਰਾਂ ਦੇ ਨਾਲ ਮਾਰ ਮਾਰ ਕੇ ਅਛੋਪਲੇ ਜਿਹੇ ਹੀ ਆ ਕੇ ਸਾਡੇ ਨਾਲ ਬੈਠ ਗਏ ਸਿੰਘਾਂ ਵਾਲਾ ਸੀਨ ਦੇਖ ਕੇ ਉਸੇ ਪ੍ਰਕਾਰ ਹੀ ਅਛੋਪਲੇ ਜਿਹੇ ਹੀ ਉਠ ਕੇ ਬਾਹਰ ਆ ਗਏ। ਨਾਲ ਹੀ ਮੈਂ ਆ ਗਿਆ। ਹੋਰ ਕਿਸੇ ਨੂੰ ਪਤਾ ਨਾ ਲੱਗਾ। ਧਰਮਸ਼ਾਲਾ ਸੰਗੀਤ ਦਾ ਪ੍ਰੋਗਰਾਮ ਚਲਦਾ ਰਿਹਾ।

੨੦-੫-੭੫

## ਮੰਡੀ ਯਾਤਰਾ

ਸੁਰਜੀਤ ਸਿੰਘ (ਸਪੁਤਰ ਸ: ਸਰੈਣ ਸਿੰਘ) ਪਰੈਸ ਤੇ ਸੁਨੇਹਾ ਲੈ ਕੇ ਆਇਆ ਕਿ ਸ੍ਰੀ ਭੈਣੀ ਸਾਹਿਬ ਤੋਂ ਟੈਲੀਫੋਨ ਆਇਆ ਹੈ "ਕਲ ਮੰਡੀ ਪੁਜੋ, ... ... ... ... ਉਹਨਾਂ ਦੀ ਦੁਕਾਨ ਤੇ ਦੁਬਾਰਾ ਟੈਲੀਫੋਨ ਆਉਣਾ ਹੈ। ਉਹ ਸੁਣ ਲਵਾਂ। ਮੈਂ ਦੁਕਾਨ ਤੇ ਜਾ ਕੇ ਸ੍ਰੀ ਭੈਣੀ ਸਾਹਿਬ ਤੋਂ ਦੁਬਾਰਾ ਆਈ ਕਾਲ ਸੁਣੀ। ਅਵਤਾਰ ਸਿੰਘ ਟੈਲੀਫੋਨ ਮੈਨ ਗਲ ਕਰ ਰਿਹਾ ਸੀ।

"ਸਚੇ ਪਾਤਸ਼ਾਹ ਯਾਦ ਕੀਤਾ ਹੈ।- ਅਮ੍ਰਿਤਸਰ ਸ: ਅਵਤਾਰ ਸਿੰਘ ਜੀ ਤਬਲਾ ਵਾਲਿਆਂ ਨੂੰ ਟੈਲੀਫੋਨ ਕਰੋ ਉਹਨਾਂ ਨਾਲ ਮੰਡੀ ਜਾਣ ਬਾਰੇ ਅਗੇ ਹੀ ਗਲ ਹੋ ਚੁੱਕੀ ਹੈ" ਜਲੰਧਰ ਐਕਸ ਸਰਵਿਸਮੈਨ ਟਰਾਂਸਪੋਰਟ ਤੋਂ ਅਮ੍ਰਿਤਸਰ ਫੋਨ ਕੀਤਾ ਤੇ ਸੁਨੇਹਾ ਦਿਤਾ।

੨੧-੫-੭੫

ਅਵਤਾਰ ਸਿੰਘ ਰਾਤ ੧੧ ਵਜੇ ਜਲੰਧਰ ਆ ਗਏ।

੨੨-੫-੭੫

ਸਵੇਰੇ ਦੋਵੇਂ ਵੀਰੇਂਦਰ ਸਿਤਾਰ ਵਾਦਕ ਨੂੰ ਮਿਲੇ ਫਿਟ ਆਣ ਕੇ ੮-੫੦ ਵਾਲੀ ਬੱਸ ਰੋਪੜ ਲਈ ਫੜੀ। ਵੀਰੇਂਦਰ ਨੇ ਦਸਿਆ ਕਿ ਉਹ ੬ ਜੂਨ ਤੱਕ ਡੇਹਰਾਦੂਨ ਉਸਤਾਦ ਵਲਾਇਤ ਖਾਂ ਸਾਹਿਬ ਕੋਲ ਜਾਣ ਲਈ ਤਿਆਰ ਹਨ। ਰੋਪੜ ੧੧ ਤੋਂ ਬਾਅਦ ਪਹੁੰਚੇ। ਹਿਮਾਚਲ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ੧ ਵਜੇ ਚਲਣੀ ਸੀ। ਇਹ ਸਮਾਂ ਗਰਮੀ ਵਿਚ ਹੀ ਚਹਿਲ ਕਦਮੀ ਕਰਕੇ ਅਤੇ ਅੰਬ ਚੂਪਕੇ ਕਢਿਆ। ਬਸ ਇਕ ਵਜੇ ਤੁਰੀ ਸੀਟ ਇੰਜਨ ਦੇ ਨਾਲ ਹੀ ਸੀ ਇੰਜਨ ਵਿਚੋਂ ਗਰਮ ਹਵਾ ਦੇ ਫੁਰਾਟੇ ਨਿਕਲਣ। ਲਤਾਂ ਭਾਂਤ ਭਾਂਤ ਦੀਆਂ ਤਦਬੀਰਾਂ ਨਾਲ ਗਰਮੀ ਤੋਂ ਬਚਾਉਂਦੇ ਰਹੇ। ਇਸ ਸ਼ਾਹੀ ਸਵਾਰੀ ਨੇ ਰਾਤ ੮-੩੦ ਵਜੇ ਮੰਡੀ ਪਹੁੰਚਾਇਆ। ਗੁਰਦੁਆਰੇ ਕੋਲ ਉਤਰ ਗਏ। ਸੰਤ ਤਰਲੋਕ ਸਿੰਘ ਜੀ ਉਥੇ ਹੀ ਮਿਲ ਗਏ। ਉਹ ਕਾਰ ਵਿਚ ਬਿਠਾ ਕੇ ਸਤਿਗੁਰੂ ਜੀ ਦੇ ਨਿਵਾਸ ਅਸਥਾਨ 'ਕੋਠੀ' ਛੱਡ ਆਏ। ਸਤਿਗੁਰੂ ਜੀ ਉਪਰ ਕਮਰੇ ਵਿਚ ਸਨ। ਸੰਤ ਗੁਲਜ਼ਾਰ ਸਿੰਘ ਸੇਵਾ ਕਰ ਰਹੇ ਸਨ। ਅਵਤਾਰ ਸਿੰਘ ਨੇ ਮੱਥਾ ਟੇਕਿਆ। ਸਤਿਗੁਰਾਂ ਪਿੱਠ ਤੇ ਥਾਪੀ ਦੇ ਕੇ ਆਸ਼ੀਰਵਾਦ ਦਿਤੀ। ਮੈਂ ਵੀ ਮੱਥਾ ਟੇਕਿਆ। ਚੁੱਪ ਰਹੇ। ਬਾਹਰ ਆਉਣ ਲਗਿਆਂ ਕਿਹਾ "ਇਹਨਾਂ ਦੋਹਾਂ ਮੂਰਤੀਆਂ ਨੂੰ ਪਰਸ਼ਾਦਾ ਛਕਾਓ"

੨੮-੫-੭੫

## ਸੰਗੀਤ ਪ੍ਰੇਮ

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸਾਲਾ ਵਿਖੇ ਸੀ। ਅਵਤਾਰ ਸਿੰਘ ਨੂੰ ਸਤਿਗੁਰੂ ਜੀ ਅਪਣੀ ਗੱਡੀ ਵਿਚ ਬਿਠਾ ਕੇ ਲੈ ਗਏ। ਮੈਨੂੰ ਇਸ਼ਾਰਾ ਕਰ ਗਏ ਤੁਰੇ ਆਓ। ਮੈਂ ਇਸ਼ਾਰਾ ਨਾ ਸਮਝਿਆ ਵਾਪਸ ਹੇਠਾਂ ਕੋਠੀ ਵਿਚ ਚਲਾ ਗਿਆ (ਇਹ ਕੋਠੀ ਮੰਡੀ-ਜੁਗਿੰਦਰ ਨਗਰ ਸੜਕ ਤੇ ਦਰਿਆ ਬਿਆਸ ਕੰਢੇ ਹੈ ਅਤੇ ਸੜਕ ਤੇ ਲੇਵਲ ਤੋਂ ਬਹੁਤ ਨੀਵੀਂ ਹੈ)। ਧਰਮਸਾਲਾ ਤੋਂ ਦੂਸਰੀ ਗੱਡੀ ਮੈਨੂੰ ਲੈਣ ਵਾਸਤੇ ਆਈ। ਮੈਨੂੰ ਦੁਬਾਰਾ ਦੌੜ ਕੇ ਉਪਰ ਜਾਣਾ ਪਿਆ। ਅੰਬੈਸਡਰ ਗੱਡੀ ਵਿਚ ਬੈਠੇ। ਥੋਹੜੀ ਦੂਰ ਜਾ ਕੇ ਮਹਾਰਾਜ ਬੀਰ ਸਿੰਘ ਜੀ ਦੀ ਗੱਡੀ ਵਿਚ ਬੈਠ ਗਏ ਉਹਨਾਂ ਮੈਨੂੰ ਭਜਨ ਕਰਦਿਆਂ ਹੀ ਥਾਪੀ ਦਿਤੀ। ਆਸਾ ਦੀ



Sri Satguru Jagjit Singh Ji Elibrary NamdhariElibrary@gmail.com

ਵਾਰ ਸਥਾਨਕ ਜੱਥੇ ਨੇ ਲਾਈ ਹੋਈ ਸੀ। ਵਾਪਸ ਕੋਠੀ ਆਏ ਗੈਰਜ ਅਤੇ ਖੂਹ ਦੀ ਸੇਵਾ ਸੰਗਤਾਂ ਕਰ ਰਹੀਆਂ ਸਨ। ਸਤਿਗੁਰੂ ਜੀ ਨੇ ਕੋਠੀ ਉਪਰ ਸਾਨੂੰ ਬੁਲਾ ਲਿਆ। ਬੜੀ ਦੇਰ ਤੱਕ ਬਚਨ ਕਰਦੇ ਰਹੇ। ਸੰਗੀਤ ਦੀਆਂ, ਡੇਹਰਾਦੂਨ ਦੀਆਂ, ਜਲੰਧਰ ਅਤੇ ਅਮ੍ਰਿਤਸਰ ਦੇ ਸੰਗੀਤ ਸਕੂਲ ਚੰਗੀ ਚੰਗੀ ਤਰ੍ਹਾਂ ਚਲਾਣ ਦੀਆਂ। ਮੇਰੀ ਚਿਠੀ ਪੁਜੀ ਨੂੰ ਦੇਰ ਹੋ ਗਈ ਸੀ। ਕਹਿਣ ਲਗੇ ਦੇਰ ਹੋ ਗਈ ਹੈ। ਹੁਣ ਮੈਂ ਪਰਬੰਧ ਕਰ ਲਿਆ ਹੈ। ਜਾਣ ਲਗੇ ਮਾਇਆ ਲੈ ਜਾਇਓ ਜਲੰਧਰ-ਕੇਂਦਰ ਦੇ ਸਾਰੇ ਸਾਲ ਵਾਸਤੇ। ਮੈਥੋਂ ਗੁਸਤਾਖੀ ਹੋ ਗਈ, ਅਪਣੇ ਮਨ ਦੀ ਗਲ ਨੂੰ ਮੂੰਹ ਤੇ ਲੈ ਆਂਦੀ ਅਤੇ ਆਖਿਆ ਕਿ ਅਸੀਂ ਸੰਗੀਤ ਕੇਂਦਰਾਂ ਲਈ ਮਾਇਆ ਲਿਜਾਂਦੇ ਹਾਂ ਸਾਨੂੰ ਵੇਖ ਕੇ ਇਹ ਹੀ ਸਮਝਿਆ ਜਾਂਦਾ ਹੋਣਾ ਹੈ ਕਿ ਇਹ ਮਾਇਆ ਲੈਣ ਹੀ ਆਏ ਨੇ। ਸਾਡੀ ਡਿਊਟੀ ਐਸੀ ਲਾਈ ਗਈ ਹੈ ਕਿ ਅਸੀਂ ਹੁਣ ਪੈਸੇ ਲੈਣ ਤੇ ਹੋ ਗਏ ਹਾਂ।

ਕਹਿਣ ਲਗੇ, "ਅਸੀਂ ਤੁਹਾਡੀ ਦੇਣ ਨਹੀਂ ਦੇ ਸਕਦੇ" ਅਸੀਂ ਗੁਮ ਸੁਮ ਰਹੇ। ਕੁਝ ਨਾ ਅਹੁੜਿਆ। ਗਲ ਬਾਤ ਪਿਛੋਂ ਲੰਗਰ ਛਕਿਆ। ਖੂਬ ਆਰਾਮ ਕੀਤਾ। ਫੇਰ ਉਠ ਕੇ ਦਰਿਆ ਬਿਆਸ ਤੇ ਕਪੜੇ ਧੋਣ ਅਤੇ ਇਸ਼ਨਾਨ ਕਰਣ ਲਈ ਚਲੇ ਗਏ। ਸਤਿਗੁਰੂ ਜੀ ਅਗੇ ਹੀ ਓਥੇ ਗਏ ਹੋਏ ਸਨ। ਸਾਨੂੰ ਕਪੜੇ ਧੋਣ ਲਈ, ਇਸ਼ਾਰੇ ਨਾਲ ਆਪਣੇ ਪਾਸ ਸਦਿਆ ਅਸੀਂ ਦੂਸਰੇ ਪਾਸੇ ਚੱਲੇ ਸਾਂ। ਅਵਤਾਰ ਸਿੰਘ ਨਾਲ ਤੁਰੇ ਜਾਂਦੇ ਕਾਫੀ ਬਚਨ ਬਿਲਾਸ ਕਰਦੇ ਰਹੇ। ਮੈਂ ਤੇ ਬੂਟਾ ਸਿੰਘ (ਬਿਤਾ) ਕਪੜੇ ਧੋਂਦੇ ਰਹੇ। ਬਾਅਦ ਵਿਚ ਤੇਲ ਮਲ ਕੇ ਇਸ਼ਨਾਨ ਕੀਤਾ ਤਿਆਰ ਹੋ ਕੇ ਆਏ ਤਾਂ ਸਤਿਗੁਰੂ ਜੀ ਜਾ ਚੁਕੇ ਸਨ ਅਸੀਂ ਪੈਦਲ ਹੀ ਧਰਮਸਾਲਾ ਪੁਜੇ ਨਿਤਨੇਮ ੧੦ ਕੁ ਮਿੰਟ ਰਹਿੰਦਾ ਸੀ। ਅਰਦਾਸ ਉਪਰੰਤ ਜਥੇਦਾਰ ਸੇਵਾ ਸਿੰਘ ਜੀ ਨੇ ਮੈਨੂੰ ਹਰਮੋਨੀਅਮ ਵਜਾਉਣ ਲਈ ਸਦ ਲਿਆ। ਸ: ਪਰੀਤਮ ਸਿੰਘ ਚਪਲਾ ਵਾਲਿਆਂ ਦੇ ਸਪੁਤਰ ਨੇ ਤਬਲਾ ਵਜਾਇਆ। ਸਤਿਗੁਰੂ ਜੀ, ਥੋਹੜੀ ਦੇਰ ਲਈ ਬਾਹਰ ਗਏ। ਮੈਂ ਹਾਰਮੋਨੀਅਮ ਤੇ ਰਾਗ ਕਾਫੀ ਦੀ ਰੀਤ ਵਜਾਈ ਅਜੇ ਸ਼ਬਦ ਸ਼ੁਰੂ ਹੀ ਕਰਨ ਲਗਾ ਕਿ ਸਤਿਗੁਰੂ ਜੀ ਵਾਪਸ ਆ ਗਏ। ਦਿਲਰੁਬਾ ਸੁਰ ਕੀਤਾ ਤਬਲੇ ਤੇ ਸ: ਅਵਤਾਰ ਸਿੰਘ ਢੋਲਕ ਤੇ ਜਥੇਦਾਰ ਸੇਵਾ ਸਿੰਘ ਅਤੇ ਬਾਕੀ ਜੱਥਾ ਛੈਣਿਆਂ ਵਾਲਾ ਸਤਿਗੁਰੂ ਜੀ ਨੇ ਉਹੀ ਕਾਫੀ ਵਾਲੀ ਰੀਤ ਵਿਚ ਸ਼ਬਦ ਪੜਿਆ, "ਰਾਜਨ ਕਵਨ ਤੁਮਾਰੈ ਆਵੈ" ਮੈਂ ਵੀ ਇਹ ਹੀ ਸ਼ਬਦ ਪੜ੍ਹਨਾ ਸੀ। ਕੀਰਤਨ ਵਾਹਵਾ ਰਸ ਭਿੰਨਾ ਹੋਇਆ। ਵਾਪਸ ਕੋਠੀ ਆ ਸਚੇ ਪਾਤਸ਼ਾਹ ਰਾਤ ਗਿਅਰਾਂ ਵਜੇ ਤੱਕ ਬੈਠੇ ਰਹੇ।

ਸਵੇਰੇ ਧਰਮਸਾਲਾ ਆਸਾ ਦੀ ਵਾਰ ਦੇ ਕੀਰਤਨ ਤੇ ਗਏ। ੫—੭ ਸਲੋਕ ਰਹਿੰਦਿਆਂ ਸਤਿਗੁਰਾਂ ਮੈਨੂੰ ਹਾਰਮੋਨੀਅਮ ਤੇ ਬੈਠਣ ਦਾ ਇਸ਼ਾਰਾ ਕਿਤਾ। ਆਪ ਜੀ ਨੇ ਖੁਦ ਕੀਰਤਨ ਕੀਤਾ। ਫੇਰ ਇਸ਼ਾਰੇ ਤੇ ਮੈਂ ਅੰਤਮ ਛੱਤਾ ਪੜਿਆ। ਸਮਾਪਤੀ ਉਪਰੰਤ ਰਸਤੇ ਵਿਚ ਬੀਮਾਰ ਸਤਿਪਾਲ ਸਿੰਘ ਸਨੇਹੀ ਦੇ ਘਰ ਸਚੇ ਪਾਤਸ਼ਾਹ ਦਰਸ਼ਨ ਦਿਤੇ। ਅਸਾਂ ਸਨੇਹੀ ਦੇ ਘਰ ਆਉਂਦੇ ਵਿਦਿਅਕ ਸੰਮੇਲਨ ਵਾਸਤੇ ਸਵੇਰੇ ਅੱਠ ਵਜੇ ਮੀਟਿੰਗ ਰਖੀ ਸੀ। ਕੋਠੀ ਤੋਂ ਪੈਦਲ ਚਲ ਕੇ ਅਸੀਂ, ਗੁਰਭਜਨ ਸਿਘ ਅਵਤਾਰ ਸਿੰਘ ਬੂਟਾ ਸਿੰਘ ਤੇ ਮੈਂ ਆਏ। ਲੇਟ ਹੋਣ ਕਰਕੇ ਹੋਰ ਸਾਰੇ ਮੈਂਬਰ ਜਾ ਚੁਕੇ ਸਨ। ਸੰਗੀਤ ਦੇ ਪ੍ਰੋਗਰਾਮ ਵਾਸਤੇ ਗਾਂਧੀ ਭਵਨ ਦਾ ਹਾਲ ਵੇਖਿਆ

ਸ਼ਾਮ ਦੇ ਕੀਰਤਨ ਪਿਛੋਂ ਅਸੀਂ ਸ਼ਹਿਰ ਹੀ ਠਹਿਰ ਗਏ ਮੀਟਿੰਗ ਵਾਸਤੇ। ਸਨੇਹੀ ਦੇ ਘਰ ਸੰਮੇਲਨ ਵਾਸਤੇ ਤਿਆਰ ਹੋਈ ਰੂਪ ਰੇਖਾ ਨੂੰ ਵੇਖਿਆਂ ਤੇ ਸੋਧਿਆਂ। ਰਾਤ ਪੂਰਵ ਥਕੇਂਵੇ ਦੀ ਹਾਲਤ ਵਿਚ ਸ: ਪਰੀਤਮ ਸਿੰਘ ਹੋਰਾਂ ਦੇ ਘਰ ਲੰਗਰ ਛਕਣ ਗਏ। ਉਹਨਾਂ ਦੇ ਲੜਕੇ ਗੁਰਮੀਤ ਸਿੰਘ ਨੇ ਚੰਗੀ ਸੇਵਾ ਕੀਤੀ। ਬੁਰੀ ਤਰ੍ਹਾਂ, ਰੱਜ ਕੇ ਪੈਦਲ ਦੋ ਮੀਲ ਤੁਰਕੇ ਰਾਤ ਕੋਠੀ ਪੁਜੇ।

ਮੰਡੀ ਤੋਂ ਲੁਧਿਆਣੇ ਵਾਲੀ ਬੱਸ ਤੇ ਚੜੇ। ਸ੍ਰੀ ਭੈਣੀ ਸਾਹਿਬੋਂ ਹੋ ਕੇ ਬਸੋ ਬਸ ਰਾਤ ਤਕ ਘਰ ਪਹੁੰਚ ਗਏ। ਅੱਜ ਮੋਰਿੰਡਾ, ਡਕਾਲਾ ਅਤੇ ਦਸੂਹਾ ਵਿਖੇ ਇਲੈਕਸ਼ਨ ਸੀ। ਸਾਡੀ ਬਸ ਮੋਰਿੰਡਾ ਕੁਰਾਲੀ ਥਾਣੀਂ ਆਈ ਸੀ ਕੁਰਾਲੀ ਵਿਚ ਲੋਕਾਂ ਦੀ ਭੀੜ ਅਤੇ ਪੁਲੀਸ ਦੀ ਗਹਿਮਾ ਗਹਿਮੀ ਵੇਖ ਕੇ ਲਗਦਾ ਸੀ ਕਿ ਗੜਬੜ ਦਾ ਜਾਂ ਅੰਦੇਸ਼ਾ ਹੈ ਜਾਂ ਹੋ ਚੁਕੀ ਹੈ। ਅਗਲੇ ਦਿਨ ਅਖਬਾਰਾਂ ਤੋਂ ਪਤਾ ਲਗਾ ਕਿ ਠੀਕ ਹੀ ਉਥੇ ਗੜ ਬੜ ਕਾਰਨ ਪੋਲਿੰਗ ਰੁਕ ਗਈ ਸੀ।



Sri Satguru Jagjit Singh Ji Elibrary NamdhariElibrary@gmail.com

੨੭-੫-੭੫

ਮੰਡੀ ਤੋਂ ਗੁਰਭਜਨ ਸਿੰਘ ਹੋਰਾਂ ਦੀ ਤਾਰ ਆਈ ਕਿ ਵੀਰੇਂਦਰ ਨੂੰ ਕਹੋ ਡੇਹਰਾਦੂਨ ੨ ਜੂਨ ਨੂੰ ਪੁਜ ਜਾਣ।

੨੮-੫-੭੫

ਵੀਰੇਂਦਰ ਹੋਰਾਂ ਨੂੰ ਇਹ ਗਲ ਦਸੀ।

੨੯-੫-੭੫

ਸਤਿਗੁਰੂ ਜੀ ਨੂੰ ਮੰਡੀ ਤਾਰ ਪਾਈ। ਵੀਰੇਂਦਰ ੨ ਜੂਨ ਨੂੰ ਡੇਹਰਾਦੂਣ ਪੁਜ ਰਹੇ ਹਨ।

੨-੬-੭੫

**ਉਸਤਾਦ ਵਲਾਇਤ ਖਾਂ ਵਲ**

ਸੁਰਜੀਤ ਸਿੰਘ ਜੀਤ ਸੱਕਤਰ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਆਏ। ਵਿਦਿਅਕ ਸੰਮੇਲਨ ਵਾਸਤੇ ਸੱਦਾ ਪਤਰ ਛਾਪੇ ਗਏ। ਸ਼ਾਮ ਡੇਹਰਾਦੂਨ ਤੋਂ ਸ. ਅਵਤਾਰ ਸਿੰਘ (ਅਮ੍ਰਿਤਸਰ) ਦਾ ਟੈਲੀ ਫੋਨ ਆਇਆ ਵੀਰੇਂਦਰ ਹੋਰੀਂ ਡੇਹਰਾਦੂਨ ਨਹੀਂ ਪੁਜੇ। ਨਾਲ ਲੈ ਕੇ ਆਓ। ਸਤਿਗੁਰੂ ਜੀ ਯਮੁਨਾ ਨਗਰ ਹਨ ਉਹਨਾਂ ਨਾਲ ਫੋਨ ਤੇ ਗਲ ਕਰੋ। ਸ਼ਾਮ ੫ ਵਜੇ ਫੋਨ ਆਇਆ। ਵੀਰੇਂਦਰ ਦੇ ਘਰ ਗਿਆ। ਬੀਮਾਰੀ ਟੱਟੀਆ ਉਲਟੀਆਂ ਕਾਰਨ ਉਹ ਡੇਹਰਾਦੂਨ ਨਹੀ ਸਨ ਜਾ ਸਕੇ। ਮੇਰੇ ਆਗ੍ਰਹਿ ਕਰਣ ਤੇ ਉਹ ਜਾਣ ਲਈ ਫਿਰ ਤਿਆਰ ਹੋ ਗਏ। ਆਰਾਮ ਨੂੰ ਮੁਖ ਰਖਦਿਆਂ ਡੇਹਰਾਦੂਨ ਪੈਸੇਂਜਰ ਤੇ ਜਾਣ ਦੀ ਤਿਆਰੀ ਹੋਈ। ਇਧਰੋਂ ਯਮਨਾ ਨਗਰ ਕਾਲ ਬੁਕ ਕਰਾਈ। ਉਧਰੋਂ ਸ: ਸੰਤੋਖ ਸਿੰਘ ਹੋਰਾਂ ਬੁਕ ਕਰਾਈ ਹੋਈ ਸੀ। ਸਾਰੀ ਗਲ ਬਾਤ ਹੋ ਗਈ।

**ਯਮੁਨਾ ਨਗਰ**

੩-੬-੭੫

ਸਵੇਰੇ ੫ ਵਜੇ ਯਮੁਨਾ ਨਗਰ ਪੁਜ ਗਏ। ਅਗੋਂ ਸੰਤੋਖ ਸਿੰਘ ਲੈਣ ਆਇਆ ਸੀ। ਸਟੇਸ਼ਨ ਦੇ ਨੇੜੇ ਹੀ ਹਮੀਦੇ ਵਾਰਾ ਲਗਾ ਹੋਇਆ ਸੀ। ਅਸ਼ਨਾਨ ਕਰ ਕੇ ਵਾਰ ਵਿਚ ਗਏ। ਅਖੀਰਲਾ ਸ਼ਲੋਕ, ਅਨੰਦ ਸਾਹਿਬ ਅਤੇ ਸਮਾਪਤੀ ਹੋਈ। ਜਲ ਪਾਣ ਕਰਕੇ ਕੁਝ ਦੇਰ ਨਹਿਰ ਵਲ ਘੁੰਮਣ ਗਏ। ਫੇਰ ਸ਼ਤਿਗੁਰੂ ਜੀ ਦੀ ਕਾਰ ਵਿਚ ਉਹਨਾਂ ਦੀ ਸੰਗਤ ਵਿਚ ਅਸੀਂ ਦੋਵੇਂ (ਵੇਰਿੰਦਰ ਤੇ ਮੈਂ) ਡੇਹਰਾਦੂਨ ਨੂੰ ਚਲ ਪਏ। ਰਸਤੇ ਵਿਚ ਗੁਰਮੁਖ ਸਿੰਘ ਜੀ ਕਾਰ ਚਾਲਕ ਨੇ ਦਸਿਆ ਕਿ ਉਹਨਾਂ ਨੂੰ ਕਿਵੇਂ ਕੌਤਕ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਕਾਰ ਵਿਚ ਹੀ ਉਸਤਾਦ ਵਲਾਇਤ ਖਾਂ ਸਾਹਿਬ ਦੀ ਲੜਕੀ ਦਾ ਸਿਤਾਰ ਤੇ ਅਲਹੀਆ ਬਿਲਾਵਲ ਦਾ ਟੇਪ ਸੁਣਿਆ। ਡੇਹਰਾਦੂਨ ਪੁਜ ਕੇ ਸਿਧੇ ਖਾਂ ਸਾਹਿਬ ਦੇ ਘਰ ਗਏ। ਕਲੇਮਨ ਟਾਊਨ ਸੁਭਾਸ਼ ਨਗਰ ਵਿਚ ਇਕ ਬੜੀ ਸ਼ਾਂਤ ਵਾਤਾਵਰਨ ਵਿਚ ਕੋਠੀ ਹੈ 'ਸੁਰ ਬਹਾਰ'। ਖਾਂ ਸ਼ਾਹਿਬ ਦੇ ਸਾਰੇ ਪਰਵਾਰ ਨੇ ਸਤਿਗੁਰੂ ਜੀ ਦਾ ਸੁਆਗਤ ਕੀਤਾ। ਔਰਤਾਂ ਨੇ ਵੀ ਆ ਕੇ ਸਤਿਗੁਰੂ ਜੀ ਨੂੰ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਨੂੰ ਇਕ ਵਿਸ਼ੇਸ਼ ਆਸਨ ਤੇ ਸਸ਼ੋਭਤ ਕਰ ਕੇ ਸਭ ਆਲੇ ਦੁਆਲੇ ਬੈਠ ਗਏ। ਸੰਤ ਮਹਿੰਦਰ ਸਿੰਘ ਪੂਰਬਾ ਨੇ ਅਰਦਾਸ ਕੀਤੀ ਉਸਤਾਦ ਵਲਾਇਤ ਖਾਂ ਸਾਹਿਬ ਨੂੰ ਦੁਸ਼ਾਲਾ, ਪਤਾਸੇ, ਰੁਮਾਲ ਮਾਇਆ ਆਦਿ ਭੇਟ ਕੀਤੇ ਗਏ। ਵੀਰੇਂਦਰ ਨੇ ਸ਼ਤਿਗੁਰੂ ਜੀ ਅਤੇ ਖਾਂ ਸਾਹਿਬ ਨੂੰ ਮੱਥਾ ਟੇਕਿਆ ਅਤੇ ਖਾਂ ਸਾਹਿਬ ਨੂੰ ਸਿਤਾਰ ਦਾ ਗੁਰੂ ਧਾਰਨ ਕੀਤਾ। ਇਸ ਉਪਰੰਤ ਵੀਰੇਂਦਰ ਜੀ ਨੇ ਸਤਾਰ ਵਜਾਇਆ। ਅਵਤਾਰ ਸਿੰਘ ਜੀ ਨੇ ਤਬਲਾ ਤੇ ਸੰਗਤ ਕੀਤੀ। ਖਾਂ ਸਾਹਿਬ ਖੁਸ਼ ਹੋ ਗਏ। ਕਹਿਣ ਲਗੇ ਪੁਰਜ਼ੇ (Parts) ਸਭ ਠੀਕ ਹਨ, ਕੇਵਲ ਉਹਨਾਂ ਨੂੰ ਜੋੜਨਾ ਹੀ ਹੈ ਸਹੀ ਜਗਹ ਤੇ ਲਾਉਣਾ ਹੈ ਸਭ ਠੀਕ ਹੋ ਜਾਵੇਗਾ। ਜ਼ਿਆਦਾ ਮਿਹਨਤ ਦੀ ਲੋੜ ਨਹੀਂ ਪਵੇਗੀ।

**ਪੰ : ਸਾਮਤਾ ਪ੍ਰਸਾਦਿ**

ਇਥੇ ਹੀ ਅਵਤਾਰ ਸਿੰਘ ਨੂੰ ਬਨਾਰਸ ਪੰਡਤ ਸਾਮਤਾ ਪ੍ਰਸਾਦਿ ਕੋਲੋਂ ਤਬਲਾ ਸਿਖਾਉਣ ਬਾਰੇ ਸਤਿਗੁਰੂ ਜੀ ਨੇ ਖਾਂ ਸਾਹਿਬ ਨਾਲ ਵਿਚਾਰ ਵਟਾਂਦਰਾ ਕੀਤਾ। ਉਹ ਕਹਿਣ ਲਗੇ, "ਸਾਮਤਾ ਭਾਈ ਕਲਾਕਾਰ ਤੋ ਪੈਦਾਇਸ਼ੀ ਹੈ ਔਰ ਊਂਚੇ, ਬੁਲੰਦ ਦਰਜੇ ਕਾ ਹੈ। ਲੇਕਿਨ ਇਸ ਤਰਹ ਦੀ ਕੋਈ ਗਾਰੰਟੀ ਲੈਣੀ ਚਾਹੀਏ ਜਿਸ ਸੇ ਵਹੁ ਅਛੀ ਤਰਹ ਸੇ ਤਬਲਾ ਸਿਖਾਏ।

੪-੬-੭੫

**ਨਵਾਂ ਸ਼ੋਸ਼ਾ,**

ਡੇਹਰਾਦੂਨ ਤੋਂ ਵਾਪਸ ਜਲੰਧਰ ਸਵੇਰੇ ੨ ਵਜੇ ਪੁਜਾ। ਆਣ ਕੇ ਪਤਾ ਲਗਾ ਕਿ ੩-੬-੭੫ ਦੇ ਅਕਾਲੀ ਪੱਤ੍ਰਕਾ ਵਿਚ ਹੈਡ-ਲਾਈਨ ਇਹ ਸੀ "ਕੂਕਿਆਂ ਵਲੋਂ ਗੁਰੂ ਗਰੰਥ ਸਾਹਿਬ ਦੀ ਘੋਰ ਬੇਅਦਬੀ" ਪਤਰੇ ਪਾੜ ਦਿਤੇ ਇਤਿਆਦਿ।



Sri Satguru Jagjit Singh Ji Elibrary NamdhariElibrary@gmail.com

ਅੱਜ ਦੇ ਪਰਚੇ ਵਿਚ ਵੀ ਬਹੁਤ ਸਾਰੀਆਂ ਭੜਕਾਊ ਖਬਰਾਂ ਸਨ । ਦੁਸਾਂਝ ਜੀ ਦਾ ਲੇਖ ਸੀ, ਕੂਕਿਆਂ ਦਾ ਕੁਫਰ ਤੋਲਣਾ ਸਿਖ ਸੰਗਤਾਂ ਨੂੰ ਵੰਗਾਰ" ।

ਮੇਰਾ ਮੱਥਾ ਠਣਕਿਆ । ਇਹ ਊਜ ਕਿਸ ਪਾਸਿਓਂ ਆਈ ਹੈ । ਕੀ ਕੋਈ ਨਾਮਧਾਰੀ ਸੁਪਨੇ ਵਿਚ ਵੀ ਗੁਰਬਾਣੀ ਦਾ ਜਾਂ ਸ੍ਰੀ ਗ੍ਰੰਥ ਸਾਹਿਬ ਦਾ ਨਿਰਾਦਰ ਜਾਂ ਬੇ-ਅਦਬੀ ਕਰ ਸਕਦਾ ਹੈ । ? ਸਣੇ ਕੇਸੀ ਇਸ਼ਨਾਨ ਕਰ ਕੇ ਪਾਠ ਤੇ ਬੈਠਣਾ ਸੁਧ ਕਪੜੇ ਧਾਰਨ ਕਰਨੇ । ਬੀੜ ਦੇ ਆਗਮਨ ਤੇ ਸਤਿਗੁਰੂ ਜੀ ਵਲੋਂ ਤੇ ਸੰਗਤ ਵਲੋਂ ਉਠ ਕੇ ਸੁਆਗਤ ਕਰਨਾ । ਹਰ ਵਕਤ ਸ੍ਰੀ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸਿੰਘ ਦਾ ਬੈਠਣਾ । ਬਾਣੀ ਦੇ ਸ਼ੁਧ ਉਚਾਰਨ ਤੇ ਜ਼ੋਰ ਦੇਣਾ,ਲਗਾਂ ਮਾਤਰਾਂ ਤੱਕ ਸੋਧ ਕੇ ਬਾਣੀ ਪੜਾਉਣੀ ਅਤੇ ਲਗੇ ਦੀਵਾਨਾਂ ਵਿਚ ਵੱਡੇ ਵੱਡੇ ਰਾਗੀਆਂ ਤੇ ਜਥੇਦਾਰਾਂ ਨੂੰ ਮਮੂਲੀ ਲਗ ਮਾਤਰ ਗਲਤ ਉਚਾਰਣ ਤੇ ਟੋਕਣਾ । ਪਾਠਾਂ ਦੇ ਇਨਾਮੀ ਮੁਕਾਬਲੇ ਕਰਾਉਣੇ । ਰੋਜ਼ਾਨਾ ਨਿਤਨੇਮ ਵਿਚ ਪੰਜ ਬਾਣੀਆਂ ਦਾ ਪਾਠ ਕਰਨਾ । ਸਤਿਗੁਰੂ ਜੀ ਵਲੋਂ ਆਪ ਬਾਣੀ ਦਾ ਪਾਠ ਕਰਨਾ, ਬਾਣੀ ਦਾ ਕੀਰਤਨ ਕਰਨਾ ਤੇ ਸੁਨਣਾ । ਹਰ ਸਮੇਂ ਪਾਠਾਂ ਦੀ ਲੜੀ ਚਲਦੀ ਰਹਿਣੀ ਕੀ ਇਹ ਸਾਰੀਆਂ ਗਲਾਂ ਇਕ ਪਾਸੇ ਰਖ ਦਿਤੀਆਂ ਗਈਆਂ ਹਨ । ਇਹ ਅਣਹੋਣੀ ਗਲ ਕਿਉਂ ਹੋ ਰਹੀ ਹੈ । ਫੇਰ ਮੇਰੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਤੇ ਲਿਖਤਾਂ ਆਈਆਂ ਜਦੋਂ ਦੁਸਾਂਝ ਜੀ ਨਾਮਧਾਰੀ ਸਟੇਜਾਂ ਤੇ ਬੋਲਦੇ ਰਹੇ । ਜਦੋਂ ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਜਰਨਲ ਸੱਕਤਰ ਹੋਣ ਦੇ ਨਾਤੇ ਉਹਨਾਂ ਦੀ ਗੱਦੀ ਨਸ਼ੀਨੀ ਸਮੇਂ ਕਮੇਟੀ ਵਲੋਂ ਦਸਤਾਰ ਭੇਟ ਕੀਤੀ ਸੀ । ਜਦੋਂ ਉਹਨਾਂ ਜਲੰਧਰ ਦੀ ਬਸੰਤ ਤੇ ਆਖਿਆ ਸੀ "ਨਾਮਧਾਰੀ ਸੰਪ੍ਰਦਾਇ ਦੁਨੀਆ ਦੀ ਅਗਵਾਈ ਕਰਨ ਦੀ ਯੋਗਤਾ ਰਖਦੀ ਹੈ" । ਜਦੋਂ ਚਾਰ ਸਾਲ ਪਹਿਲਾਂ ਉਹਨਾਂ ਅਨੰਦਪੁਰ ਸਹਿਬ ਦੇ ਹੋਲੇ ਮਹੱਲੇ ਸਮੇਂ ਨਾਮਧਾਰੀ ਦੀਵਾਨ ਵਿਚ ਇਕ ਵਲਵਲਾ ਅੰਗੇਜ਼ ਤਕਰੀਰ ਕੀਤੀ ਸੀ । ਅਕਾਲੀ ਪੱਤ੍ਰਕਾ ਦੇ ਐਡੀਸ਼ਨ ਜਿਨਾਂ ਵਿਚ ਨਾਮਧਾਰੀਆਂ ਦੀ ਭਰਪੂਰ ਸਿਫਤ ਕੀਤੀ ਹੁੰਦੀ ਰਹੀ ਹੈ ਅਤੇ ਸਤਿਗੁਰੂ ਸ਼ਬਦ ਵਰਤਿਆ ਜਾਂਦਾ ਰਿਹਾ । ਤੇ ਫੇਰ ਮੇਰੇ ਮਨ ਵਿਚ ਅਜ ਵਾਲੀਆਂ ਭੜਕਾਊ ਖਬਰਾਂ ਦਾ ਅੰਕੁਰ ਵੀ ਰੂਪਮਾਨ ਹੋ ਗਿਆ ।

ਦੁਸਾਂਝ ਜੀ ਨੇ ਕੁਝ ਚਿਰ ਪਹਿਲਾਂ ਇਲੈਕਸ਼ਨ ਵਿਚ ਨਾਮਧਾਰੀ ਸੰਗਤਾਂ ਦੀ ਮਦਦ ਨਾਲ ਅਸੰਬਲੀ ਸੀਟ ਹਾਸਲ ਕੀਤੀ ਸੀ । ਫੇਰ ਭਾਵੇਂ ਉਹਨਾਂ ਕਈ ਵਾਰ ਪਾਰਟੀਆਂ ਬਦਲੀਆਂ । ਅਸੰਬਲੀ ਟੁੱਟ ਗਈ ਗਵਰਨਰੀ ਰਾਜ ਹੋ ਗਿਆ । ਨਵੀਆਂ ਇਲੈਕਸ਼ਨਾਂ ਤੋਂ ਕਾਫੀ ਪਹਿਲਾਂ ੧੯੭੦ ਵਿਚ ਦੁਸਾਂਝ ਜੀ ਅਤੇ ਗਿ: ਸ਼ਾਦੀ ਸਿੰਘ ਜੀ ਸ੍ਰੀ ਭੈਣੀ ਸਹਿਬ ਗਏ ਸਨ । ਉਹਨਾਂ ਸਤਿਗੁਰਾਂ ਨੂੰ ਕਿਹਾ ਸੀ ਮਹਾਰਾਜ ਨਵੀਆਂ ਇਲੈਕਸ਼ਨਾਂ ਹੋਣਗੀਆਂ । ਕਾਂਗਰਸ ਅਤੇ ਅਪੋਜ਼ੀਸ਼ਨ ਮੈਂਬਰਾਂ ਦੀ ਅਸੰਬਲੀ ਵਿਚ ਗਿਣਤੀ ਲਗ ਭਗ ਬਰਾਬਰ ਹੋਵੇਗੀ ਅਤੇ ਤਾਕਤ ਦਾ ਤੁਵਾਜ਼ਨ ਕੁਝ ਆਜ਼ਾਦ ਮੈਂਬਰਾਂ ਦੇ ਹੱਥ ਹੋਵੇਗਾ । ਮੈਂ ਆਪ ਦਾ ਖਾਦਮ ਹਾਂ ਮੈਂ ਆਜ਼ਾਦ ਖੜਾ ਹੋਵਾਂ ਤਾਂ ਦੋਵੇਂ ਕਮਿਊਨਿਸਟ ਪਾਰਟੀਆਂ, ਅਕਾਲੀ ਪਾਰਟੀ ਅਤੇ ਹੋਰ ਮੇਰੀ ਮਦਦ ਕਰਨਗੇ । ਜੇ ਤੁਸੀਂ ਆਸ਼ੀਰਵਾਦ ਦੇ ਦਿਓ ਤੇ ਨਾਮਧਾਰੀ ਸੰਗਤਾਂ ਦੀਆਂ ਵੋਟਾਂ ਮੇਰੇ ਹੱਕ ਵਿਚ ਭੁਗਤ ਜਾਣ ਤਾਂ ਇਹ ਸੀਟ ਮੇਰੀ ਪੱਕੀ ਹੈ । ਜੇ ਹੁਕਮ ਕਰੋ ਤਾਂ ਖੜੇ ਹੁੰਦੇ ਹਾਂ ਜੇ ਨਹੀਂ ਤਾਂ ਨਹੀਂ । ਅਸੰਬਲੀ ਵਿਚ ਮੈਂ ਆਪ ਦਾ ਸੇਵਕ ਹੋਵਾਂਗਾ । ਤੁਹਾਡਾ ਅਪਣਾ ਨੁਮਾਇੰਦਾ ।

ਸਤਿਗੁਰੂ ਜੀ ਨੇ ਕੋਈ ਉਤਰ ਨਹੀਂ ਸੀ ਦਿਤਾ । ਮਹਾਰਾਜ ਬੀਰ ਸਿੰਘ ਜੀ ਨੇ ਕਿਹਾ ਸੀ ਕਿ ਸਾਨੂੰ ਤਾਂ ਕੋਈ ਪਤਾ ਨਹੀਂ ਲਗਦਾ ਵੋਟ ਕਿਸੇ ਪਾਰਟੀ ਨੂੰ ਪਾਈਦੀ ਹੈ ਅਗੋਂ ਮੈਂਬਰ ਦਲ ਬਦਲ ਕੇ ਦੂਸਰੀ ਪਾਰਟੀ ਵਿਚ ਜਾ ਵੜਦਾ ਹੈ । ਕਾਂਗਰਸੀ ਅਕਾਲੀ ਹੋ ਜਾਂਦੇ ਹਨ, ਅਤੇ ਅਕਾਲੀ ਕਾਂਗਰਸੀ ।

ਭਾਵੇਂ ਅਜੇ ਵੋਟਾਂ ਦਾ ਸਮਾਂ ਨਹੀ ਸੀ ਪਰ ਇਸ ਵਾਸਤੇ ਕਿਸੇ ਬੰਨੇ ਗਲ ਕਰਨਾ । ਉਜ ਹੀ ਉਚਿਤ ਨਹੀਂ ਸੀ । ਪਰ ਸੰਭਵ ਹੈ ਇਸ ਸਾਰੀ ਗਲਬਾਤ ਦਾ ਦੁਸਾਂਝ ਜੀ ਨੇ ਬੁਰਾ ਮਨਾਇਆ ਹੋਵੇ । ਹੁਣੇ ਹੁਣੇ ਹੋਈਆਂ ਤਿੰਨ ਬਾਈ ਇਲੈਕਸ਼ਨਾਂ ਵਿਚ ਨਾਮਧਾਰੀ ਦਰਬਾਰ ਵਲੋਂ ਕਾਂਗਰਸ ਦੀ ਮਦਦ ਹੋਈ ਸੀ ਇਸ ਮੁਹਿੰਮ ਦੌਰਾਨ ਦੁਸਾਂਝ ਜੀ ਨੇ ਸੂਬਾ ਅਮਰੀਕ ਸਿੰਘ ਨੂੰ ਆਖਿਆ ਸੀ ਇਹ ਮਦਦ ਤੁਹਾਨੂੰ ਮਹਿੰਗੀ ਪਵੇਗੀ ।

ਅਤੇ ਨਫਰਤੀ ਮੁਹਿੰਮ ਦੀ ਤੋਪ ਦਾ ਪਹਿਲਾ ਗੋਲਾ ੩-੫-੭੫ ਨੂੰ ਦਾਗ ਦਿਤਾ ਗਿਆ ।

ਸ੍ਰੀ ਭੈਣੀ ਸਹਿਬ ਵਿਚ ਸਵਾ ਲਖ ਪਾਠਾਂ ਦਾ ਪ੍ਰਯੋਜਨ ਚਲ ਰਿਹਾ ਸੀ । ਅਮ੍ਰਿਤਸਰ ਤੋਂ ਗੁਰਬਾਣੀ ਦੀਆਂ ਬੀੜਾਂ ਦੇ



Sri Satguru Jagjit Singh Ji Elibrary NamdhariElibrary@gmail.com

ਵਿਕੇ ਤਿਆਂ ਪਾਸੋਂ ਖੁਲੇ ਫਰਮੇ ਪ੍ਰਾਪਤ ਕਰਕੇ, ਜਿਲਦ ਲਾ ਕੇ ਉਹਨਾਂ ਨੂੰ ਸੈਂਚੀਆਂ ਦੇ ਰੂਪ ਵਿਚ ਬਾ ਹਿਫਾਜ਼ਤ, ਲਕੜ ਦੀਆਂ ਰੇਲਾਂ ਤੇ ਸਵਛ ਕਪੜਿਆਂ ਰੱਖ ਕੇ ਪੂਰਨ ਮਰਯਾਦਾ ਸਹਿਤ ਪਾਠ ਹੋ ਰਹੇ ਸਨ। ਕੋਈ ਸ਼੍ਰੋਮਣੀ ਕਮੇਟੀ ਜਾਂ ਜ਼ਿਮੇਵਾਰ ਵਿਅਕਤੀ ਕੋਈ ਅਖਬਾਰ ਨਵੀਸ ਪੜਤਾਲ ਕਰਨ ਨਹੀਂ ਗਿਆ ਕਿ ਕੀ ਹੋ ਰਿਹਾ ਹੈ। ਅਣਹੋਣੀ ਗਲ ਲਿਖ ਮਾਰੀ ਕਿ ਗੁਰੂ ਗਰੰਥ ਸਾਹਿਬ ਦਾ ਪਤਰਾ ਪਤਰਾ ਕਰ ਦਿਤਾ ਹੈ। ਪਰ ਇਹ ਕਲਜੁਗ ਦਾ ਦਸਤੂਰ ਹੀ ਹੈ। ਕੂੜ ਫਿਰੇ ਪਰਧਾਨ ਵੇ ਲਾਲੋ" ।

## ਨਾਮਧਾਰੀ ਡੇਲੀਗੇਸ਼ਨ

ਮੈਂ ਅਵਾਮੀ ਪ੍ਰਿੰਟਿੰਗ ਪ੍ਰੈਸ ਵਿਚ ਸੀ ਪ੍ਰੀਤਮ ਸਿੰਘ ਕਵੀ ਹੋਰਾਂ ਕੋਲ ਗਿਆ। ਮੈਂ ਸੁਝਾਉ ਦਿਤਾ ਕਿ ਬਿਆਨ ਦਿਤਾ ਜਾਵੇ ਅਸਲੀਅਤ ਕੀ ਹੈ। ਉਹਨਾ ਕਿਹਾ ਕਿ ਹੈਡ ਕੁਆਟਰ ਤੋਂ ਕੋਈ ਹਦਾਇਤ ਪਹਿਲਾਂ ਆਵੇ ਕਿ ਉਹਨਾਂ ਦੇ ਸੋਚਣ ਦੀ ਕੀ ਲਾਈਨ ਹੈ। ਦੁਪਹਿਰ ਘਰ ਗਿਆ। ਇਸੇ ਸਮੇਂ ਕਵੀ ਜੀ, ਗੁਰਭਜਨ ਸਿੰਘ ਨਿਜੀ ਸਕਤਰ ਸੂਬਾ ਮੇਲਾ ਸਿੰਘ ਮੀਤ ਪਰਧਾਨ ਨਾਮਧਾਰੀ ਦਰਬਾਰ ਘਰ ਆਏ। ਉਹ ਬਿਆਨ ਲੈ ਕੇ ਆਏ ਸਨ। ਮੈਨੂੰ ਕਿਹਾ ਕਿ ਇਸ ਦੀਆਂ ਕਾਪੀਆਂ ਤਿਆਰ ਕਰਵਾ ਦਿਤੀਆਂ ਜਾਣ ਉਹ ਕਲ ਸਵੇਰੇ ਆਣ ਕੇ ਅਖਬਾਰਾਂ ਨੂੰ ਦੇਣਗੇ। ਇਸ ਕੰਮ ਲਈ ਸ: ਹਰਬੰਸ ਸਿੰਘ ਪਰਵਾਨਾ ਜੀ ਦੀ ਵੀ ਡਿਊਟੀ ਲਾਈ ਗਈ।

੫-੬-੭੫

ਬਿਆਨ ਸੂਬਾ ਮੇਲਾ ਸਿੰਘ ਦੇ ਨਾਮ ਸੀ। ਸਭ ਤੋਂ ਪਹਿਲਾਂ 'ਨਵਾਂ ਜ਼ਮਾਨਾ' ਦੇ ਦਫਤਰ ਗਏ। ਫੇਰ ਅਜੀਤ ਦੇ ਸੰਪਾਦਕ ਮਾਲਕ ਸ: ਸਾਧੂ ਸਿੰਘ ਹਮਦਰਦ ਹੋਰਾਂ ਕੋਲ। ਉਹਨਾਂ ਸਟੇਟਮੈਂਟ ਲੈ ਲਈ ਅਤੇ ਕਿਹਾ ਕਿ ਕਲ ਛਾਪਾਂਗਾ। ਆਪ ਵੀ ਲਿਖਾਂਗਾ ਅਤੇ ਗਿਆਨੀ ਗੁਰਦਿਤ ਸਿੰਘ ਹੋਰੀਂ ਵੀ ਲੇਖ ਦੇ ਗਏ ਹਨ। ਪਿਛੋਂ 'ਅਕਾਲੀ ਪੱਤ੍ਰਕਾ' ਦੇ ਦਫਤਰ ਗਏ। ਬਾਕੀ ਆਦਮੀ ਥਲੇ ਹੀ ਰਹੇ। ਕੇਵਲ ਸੂਬਾ ਜੀ ਅਤੇ ਗੁਰਭਜਨ ਸਿੰਘ ਜੀ ਹੀ ਉਪਰ ਗਏ। ਜਦੋਂ ਉਪਰਲਿਆਂ ਨੂੰ ਗਿਆਂ ਨੂੰ ਕਾਫੀ ਦੇਰ ਹੋ ਗਈ ਅਤੇ ਅਸੀਂ ਕੜਕਦੀ ਧੁਪ ਵਿਚ ਹੇਠਾਂ ਖੜੇ ਤਪਦੇ ਰਹੇ। ਫੇਰ ਸਾਡੇ ਚੋਂ ਸੁਰਿੰਦਰ ਸਿੰਘ ਲੁਧਿਆਣਾ, ਜਥੇਦਾਰ ਸਵਰਨ ਸਿੰਘ ਹੌਲੀ ਹੌਲੀ ਉਪਰ ਚਲੇ ਗਏ। ਉਹ ਵੀ ਨਾ ਆਏ ਤਾਂ ਮੈਂ ਤੇ ਕਵੀ ਜੀ ਵੀ ਆਖਰ ਵਿਚ ਗਏ ਕਿ ਆਖਰ ਮਸਲਾ ਕੀ ਹੈ?

ਉਥੇ ਬਹੁਤ ਬਹਿਸ ਮੁਬਾਹਿਸਾ ਚਲ ਰਿਹਾ ਸੀ। ਅਖਬਾਰੀ ਦੁਨੀਆਂ ਦਾ ਦਸਤੂਰ ਹੈ ਕਿ ਵਿਰੋਧੀ ਧਿਰਾਂ ਦੀਆਂ ਸਟੇਟਮੈਂਟਾਂ ਬਿਆਨ ਲੈ ਲਏ ਜਾਂਦੇ ਹਨ ਨਾ ਦੇਣ ਵਾਲਾ ਤਲਖ ਹੁੰਦਾ ਹੈ ਨਾ ਲੈਣ ਵਾਲਾ। ਅਗੋਂ ਅਖਬਾਰ ਵਾਲੇ ਦੀ ਮਰਜ਼ੀ ਚਲਦੀ ਹੈ। ਇਥੇ ਦੋਵੇਂ ਧਿਰਾਂ ਇਕ ਦੂਜੇ ਨੂੰ ਕਾਇਲ ਕਰਨ ਦੇ ਜਤਨ ਕਰ ਰਹੀਆਂ ਸਨ। ਥੋਹੜੀ ਦੇਰ ਬਾਅਦ ਸ਼ਾਦੀ ਸਿੰਘ ਜੀ ਵੀ ਆ ਗਏ। ਗੁਸੇ ਵਾਲਾ ਲਹਿਜਾ ਸੀ ਪਰ ਉਹਨਾਂ ਪਾਸ ਸਾਡੇ ਖਿਲਾਫ ਕਹਿਣ ਨੂੰ ਠੋਸ ਕੁਝ ਵੀ ਨਹੀਂ ਸੀ।

ਮਾਰਕਸੀ ਕਮਿਊਨਿਸਟ ਪਾਰਟੀ ਦੇ ਅਖਬਾਰ 'ਲੋਕ ਲਹਿਰ' ਨੂੰ ਬਿਆਨ ਦਿਤਾ ਫੇਰ ਮਿਲਾਪ ਅਤੇ ਹਿੰਦ ਸਮਾਚਾਰ ਗਏ। ਲਾਲਾ ਜਗਤ ਨਰਾਇਣ ਜੀ ਨੂੰ ਮਿਲੇ। ਉਹਨਾਂ ਕਿਹਾ "ਕਾਹਨੂੰ ਇਸ ਬਹਿਸ ਵਿਚ ਸਾਨੂੰ ਘਸੀਟਦੇ ਹੋ। ਅਸੀਂ ਟੋਹੜਾ ਦਾ ਬਿਆਨ ਵੀ ਨਹੀਂ ਛਾਪਿਆ ਸਾਡੀ ਅਖਬਾਰ ਇਕ ਲੱਖ ਛੱਪਦੀ ਹੈ ਅਕਾਲੀ ਪੱਤ੍ਰਕਾ ਕੋਈ ਪੜਦਾ ਨਹੀਂ। ਤੁਸੀਂ ਜ਼ਰੂਰੀ ਗਲ ਫੈਲਾਉਣੀ ਹੈ। ਇਸ ਵਿਚ ਛਪੇ ਦਾ ਜ਼ਿਆਦਾ ਰੌਲਾ ਪਵੇਗਾ। ਅਸੀਂ ਗਲ ਮੰਨ ਲਈ ਅਤੇ ਪਰਤਾਪ ਨੂੰ ਵੀ ਸਟੇਟਮੈਂਟ ਨਾ ਦਿਤੀ। ਹਿੰਦ ਸਮਾਚਾਰ ਤੋਂ ਤੁਰਨ ਲਗਿਆਂ ਲਾਲਾ ਜਗਤ ਨਰਾਇਣ ਜੀ ਨੇ ਕਿਹਾ ਮੇਰੀ ਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਨੀ ਕਿ ਕਾਂਗਰਸ ਹਕੂਮਤ ਦਾ ਸਾਥ ਛੱਡ ਦਿਓ। ਸਾਡੇ ਦਿਲ 'ਚ ਤੁਹਾਡੀ ਬਹੁਤ ਕਦਰ ਹੈ। ਤੁਸੀਂ ਮਾਸ ਨਹੀਂ ਖਾਂਦੇ, ਸ਼ਰਾਬ ਨਹੀਂ ਪੀਂਦੇ। ਗਿਆਨੀ ਜ਼ੈਲ ਸਿੰਘ ਨੇ ਸ਼ਰਾਬ ਦੇ ਦਰਿਆ ਵਹਾ ਦਿਤੇ ਹਨ। ਰੋਜ਼ ਸ਼ਰਾਬ ਪੀਂਦਾ ਹੈ। ਰੋਜ਼.........

੬-੬-੭੫

## ਅਖਬਾਰੀ ਹੈਡਿੰਗ

ਅੱਜ ਦੀਆਂ ਅਖਬਾਰਾਂ ਦੇ ਹੈਡਿੰਗ :

ਪੱਤਰਾ ਪਾਠ ਵਿਰੁਧ ਪਰਚਾਰ ਸਿਆਸੀ
—ਲੋਕ ਲਹਿਰ

ਕੂਕੇ ਪੱਤਰਾ ਪਾਠ ਲਈ ਬਜ਼ਿਦ —ਅਕਾਲੀ ਪੱਤ੍ਰਕਾ

ਅਸੀਂ ਆਪਣੀ ਮਰਯਾਦਾ ਅਨੁਸਾਰ ਪਾਠ ਕਰਦੇ ਹਾਂ।



Sri Satguru Jagjit Singh Ji Elibrary NamdhariElibrary@gmail.com

ਗੁਰੂ ਗਰੰਥ ਸਾਹਿਬ ਕੀ ਤੌਹੀਨ ਨਹੀਂ ਕੀ ਗਈ।

—ਉਰਦੂ ਮਿਲਾਪ

ਨਾਮਧਾਰੀਆਂ ਵਲੋਂ ਕਾਂਗਰਸ ਦੀ ਮਦਦ ਕਰਨ ਤੇ ਕੁਝ ਲੋਕ ਸੀਖ ਪਾ ਕਿਓਂ ਹੋ ਰਹੇ ਹਨ। ਨਾਮਧਾਰੀ ਦਰਬਾਰ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਕੁਝ ਅਖਬਾਰਾਂ ਦੇ ਪ੍ਰਚਾਰ ਦਾ ਜ਼ੋਰਦਾਰ ਖੰਡਨ। —ਨਵਾਂ ਜ਼ਮਾਨਾ

੭-੬-੭੫

ਅੱਜ ਅਕਾਲੀ ਪੱਤ੍ਰਕਾ ਦਾ ਮੁਖ ਲੇਖ ਸੀ, "ਕੂਕੇ ਨਹੀਂ ਟਲਣਗੇ" ਇਕ ਹੋਰ ਕੂਕਾ ਸੀ ਕੁਫਰ ਤੋੜ ਕਾਨਫਰੰਸ। ਅਜੀਤ ਵਲੋਂ 'ਧਾਰਮਿਕ ਸਲਾਹਕਾਰ ਕਮੇਟੀ ਨੂੰ ਬੇਨਤੀਆਂ' ਸਨ।

ਦਰਸ਼ਨ ਸਿੰਘ ਪਰਧਾਨ ਨਾਮਧਾਰੀ ਗੁਰਦੁਆਰਾ ਬਸਤੀ ਭੂਰੇ ਖਾਂ ਨੇ ਦਸਿਆ ਕਿ ਸ੍ਰੀ ਭੈਣੀ ਸਾਹਿਬ ਤੋਂ ਲੜਕੇ ਆਏ ਹਨ। ਸੁਣਿਆ ਹੈ ਉਥੇ ਕੋਈ ਘਟਨਾ ਹੋਈ ਹੈ। ਸ੍ਰੀ ਭੈਣੀ ਸਾਹਿਬ ਟੈਲੀਫੋਨ ਕੀਤਾ। ਗੁਰਭਜਨ ਸਿੰਘ ਮਿਲ ਪਏ। ਪਤਾ ਲਗਾ ਗੱਲ ਨਿਰਮੂਲ ਹੈ। ਸ੍ਰੀ ਮਹਾਰਾਜ ਬੀਰ ਸਿੰਘ ਜੀ ਸ੍ਰੀ ਭੈਣੀ ਸਾਹਿਬ ਆ ਗਏ ਹਨ। ਸਭ ਕੁਸ਼ਲ ਹੈ। ਇਕ ਲੇਖ ਭੇਜ ਰਹੇ ਹਨ। ਹਮਦਰਦ ਜੀ ਨੂੰ ਦੇ ਦੇਣਾ ਛਾਪਣ ਵਾਸਤੇ।

**ਬਸਤੀ ਭੂਰੇ ਖਾਂ**

ਰਾਤ ਬਸਤੀ ਭੂਰੇ ਖਾਂ ਮੀਟਿੰਗ ਹੋਈ। ਕਵੀ ਜੀ ਨੇ ਸਾਰੀ ਸਥਿਤੀ ਸਪਸ਼ਟ ਕੀਤੀ। ਲੁਧਿਆਣੇ ਤੋਂ ਰਾਮਗੜੀਆ ਸੈਂਟਰਲ ਫੈਡਰੇਸ਼ਨ ਦੇ ਇਸ਼ਤਿਹਾਰ ਆਏ ਸਨ, ਜਿਨ੍ਹਾਂ ਵਿਚ ਪਾਠਾਂ ਸਬੰਧੀ ਨਾਮਧਾਰੀ ਨਜ਼ਰੀਏ ਦੀ ਹਮਾਇਤ ਕੀਤੀ ਗਈ ਸੀ। ਇਹਨਾਂ ਇਸ਼ਤਿਹਾਰਾਂ ਨੂੰ ਕੰਧਾਂ ਤੇ ਲਾਉਣ ਵਾਸਤੇ ਮੀਟਿੰਗ ਨੇ ਵਰਕਰਾਂ ਦੀ ਡਿਊਟੀ ਲਗਾਈ। ਵਾਪਸ ਘਰ ਆਇਆ ਤਾਂ ਸੰਤੋਖ ਸਿੰਘ ਸਾਜਨ ਸ੍ਰੀ ਭੈਣੀ ਸਾਹਿਬ ਤੋਂ ਲੇਖ ਲੈ ਕੇ ਆ ਗਏ ਹੈਡਿੰਗ ਹੈ "ਗੁਰਬਾਣੀ ਦਾ ਸਤਿਕਾਰ ਹੁੰਦਾ ਹੈ"। ਇਸ ਲੇਖ ਵਿਚ ਨਾਮਧਾਰੀਆਂ ਵਲੋਂ ਗੁਰਬਾਣੀ ਸਤਿਕਾਰ ਬਾਰੇ ਖੋਲ ਕੇ ਲਿਖਿਆ ਗਿਆ ਹੈ।

੮-੬-੭੫

ਹਮਦਰਦ ਹੋਰਾਂ ਨੂੰ ਸਾਜਨ ਤੇ ਮੈਂ ਮਿਲੇ। ਅਜ ਦੀ ਅਕਾਲੀ ਪੱਤ੍ਰਕਾ ਵਿਚ ਹਮਦਰਦ ਤੇ ਕਾਫੀ ਨੁਕਤਾਚੀਨੀ ਕੀਤੀ ਗਈ ਸੀ। ਉਹਦਾ ਉਨ੍ਹਾਂ, ਜ਼ਿਕਰ ਕੀਤਾ। ਇਹ ਲੇਖ ਤੇ ਰਾਮਗੜੀਆ ਸੈਂਟਰਲ ਫੈਡਰੇਸ਼ਨ ਦਾ ਇਸ਼ਤਿਹਾਰ ਦੇ ਆਏ। ਸਬਜ਼ੀ ਮੰਡੀ ਕੁਝ ਫਲ ਖਰੀਦਣ ਕਿ ਘਰੋਂ ਫੇਰ ਰੇਰੂ ਕਵੀ ਜੀ ਕੋਲ ਗਿਆ ਤਾ ਕਿ ਜਲੰਧਰ ਵਲੋਂ ਇਕ ਇਸ਼ਤਿਹਾਰ ਸਾਰੀ ਸਥਿਤੀ ਨੂੰ ਸਪਸ਼ਟ ਕਰਨ ਲਈ ਕਢਿਆ ਜਾਣ ਲਈ ਲਿਖਿਆ ਜਾਵੇ।

੯-੬-੭੫

ਸਵੇਰੇ ਜਥੇਦਾਰ ਹਜ਼ਾਰਾ ਸਿੰਘ ਤੇ ਠੇਕੇਦਾਰ ਦਰਸ਼ਨ ਸਿੰਘ ਆਏ। ਉਹਨਾਂ ਇਸ਼ਤਿਹਾਰ ਦੇ ਖਰੜੇ ਨੂੰ ਬਹੁਤ ਪਸੰਦ ਕੀਤਾ। ਮੇਰੇ ਸੁਝਾਓ ਤੇ ਦੋ ਸੰਸਥਾਵਾਂ ਰਾਜ ਮਜ਼ਦੂਰ ਯੂਨੀਅਨ ਅਤੇ ਠੇਕੇਦਾਰ ਯੂਨੀਅਨ ਵਲੋਂ ਇਸ਼ਤਿਹਾਰ ਕਢਣ ਲਈ ਉਹ ਤਿਆਰ ਹੋ ਗਏ। ਸ੍ਰੀ ਭੈਣੀ ਸਾਹਿਬ ਤੋਂ ਸ: ਅਵਤਾਰ ਸਿੰਘ ਝੱਬਰ, ਸ:ਹਰੀ ਸਿੰਘ, ਸੰਤ ਗੁਲਜ਼ਾਰ ਸਿੰਘ ਮਾਸਟਰ ਅਮਰੀਕ ਸਿੰਘ ਤੇ ਦੋ ਸਜਨ ਆ ਕੇ ਮਿਲ ਕੇ ਗਏ। ਇਸ਼ਤਿਹਾਰ ਦਾ ਮਜ਼ਮੂਨ ਸੁਣ ਕੇ ਉਹਨਾਂ ਬਹੁਤ ਪਸੰਦ ਕੀਤਾ।

੧੦-੩-੭੫

ਅਕਾਲੀ ਪਤ੍ਰਕਾ ਨੇ ਵਡੀ ਸੁਰਖੀ ਲਾ ਕੇ ਲਿਖਿਆ ਕਿ "ਕੂਕਿਆਂ ਦਾ ਕੁਫਰ ਖਤਮ ਕਰਨ ਲਈ ਸੰਸਾਰ ਪੰਥਕ ਕਨਵੈਨਸ਼ਨ ਸਦੀ ਗਈ"। ਕਲ ਅਮ੍ਰਿਤਸਰ ਵਿਚ ਧਾਰਮਿਕ ਸਲਾਹਕਾਰ ਕਮੇਟੀ ਨੇ ਪਤ੍ਰਰਾ ਪਾਠ ਨੂੰ ਕੁਫਰ ਕਰਾਰ ਦਿਤਾ। ਨਾਮਧਾਰੀ ਡੈਲੀਗੇਸ਼ਨ ਦੇ ਮੀਟਿੰਗ ਵਿਚ ਭਾਗ ਲੈਣ ਨੂੰ ਉਹਨਾਂ ਲਿਖਿਆ "ਕੂਕਿਆਂ ਦਾ ਛੇ ਮੈਂਬਰੀ ਵਫਦ ਵੀ ਕਮੇਟੀ ਸਾਹਮਣੇ ਪੇਸ਼ ਹੋਇਆ"। ਭਾਵੇਂ ਸਾਰੀ ਖਬਰ ਐਂਟੀ-ਨਾਮਧਾਰੀ ਹੈ ਪਰ ਉਹਨਾਂ ਦੀ ਇਕ ਲਾਇਨ ਵਿਚੋਂ ਲਗਦਾ ਹੈ ਕਿ ਮਾਮਲਾ ਏਨਾ ਖਰਾਬ ਨਹੀਂ ਜਿਨਾ ਲਿਖਿਆ ਹੈ। ਉਹ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਨੇ ਕਿਹਾ ਹੈ ਜੇ ਕੂਕੇ ਪਤਰਾ ਪਾਠ ਤੁਰੰਤ ਬੰਦ ਕਰਵਾ ਦੇਣ ਤਾਂ ਉਹ ਨਾਮਧਾਰੀ ਆਗੂ ਬਾਬਾ ਜਗਜੀਤ ਸਿੰਘ ਨੂੰ ਮਿਲਣ ਭੈਣੀ ਜਾ ਸਕਦੇ ਹਨ"

ਜੇ ਟੌਹੜਾ ਸ੍ਰੀ ਭੈਣੀ ਸਾਹਿਬ ਜਾਣ ਵਾਲੀ ਲਾਈਨ ਅਖਤਿਆਰ ਕਰ ਗਏ ਤਾਂ ਇਹ ਉਹਨਾਂ ਵਾਸਤੇ ਦਰੁਸਤ



Sri Satguru Jagjit Singh Ji Elibrary NamdhariElibrary@gmail.com

ਲਾਈਨ ਹੋਵੇਗੀ। ਇਹ ਕੰਮ ਉਹਨਾਂ ਨੂੰ ਸਭ ਤੋਂ ਪਹਿਲਾਂ ਕਰਨਾ ਚਾਹੀਦਾ ਸੀ। ਅਜ ਸਵਾਇ 'ਨਵਾ ਜ਼ਮਾਨਾ' ਦੇ ਹੋਰ ਕਿਸੇ ਅਖਬਾਰ ਨੇ ਕੁਝ ਨਹੀਂ ਲਿਖਿਆ।

ਜਲੰਧਰ ਦੀ ਸੰਗਤ ਵਲੋਂ ਇਸ਼ਤਿਹਾਰ ਕਢਣ ਦੇ ਮਾਮਲੇ ਤੇ ਪ੍ਰਧਾਨ ਸ: ਸੰਤੋਖ ਸਿੰਘ ਆਫ ਸੰਤ ਇੰਨਜੀਨਅਰਿੰਗ ਵਰਕਸ ਨੂੰ ਮਿਲੇ। ਉਹ ਇਸ ਮਾਮਲੇ ਤੇ ਘਬਰਾਏ ਹੋਏ ਸਨ। ਉਹ ਕਹਿੰਦੇ ਹਨ ਇਹ ਸਭ ਕੁਝ ਕੇਂਦਰ ਵਲੋਂ ਹੋਣਾ ਚਾਹੀਦਾ ਹੈ। ਗਲ ਵਿਚ ਕਾਫੀ ਰੋਕ ਪਾਈ ਹੈ।

### ਨਾਮਧਾਰੀ ਵਫਦ

ਦੁਪਹਿਰ ਤੋਂ ਬਾਅਦ ਜਥੇਦਾਰ ਸੁਚੇਤ ਸਿੰਘ ਹੁਸ਼ਿਆਰਪੁਰ ਵਾਲੇ ਅਤੇ ਸੁਰਜੀਤ ਸਿੰਘ ਜੀਤ ਫਲੌਰ ਵ ਲੇ ਆਏ। ਉਹਨਾਂ ਨੇ ਦਸਿਆ ਕਿ ਅਮ੍ਰਿਤਸਰ ਨਾਮਧਾਰੀ ਵਫ਼ਦ ਗਿਆ ਸੀ। ਇਸ ਵਿਚ ਪੰਡਤ ਗੋਪਾਲ ਸਿੰਘ ਜੀ, ਗੁਰਭਜਨ ਸਿੰਘ ਨਾਮਧਾਰੀ, ਸੂਬਾ ਮੇਲਾ ਸਿੰਘ ਅਤੇ ਅਮ੍ਰਿਤਸਰ ਦੇ ਕੁਝ ਸਿੰਘ ਸ਼ਾਮਲ ਸਨ। ਇਹ ਵਫਦ ਜਥੇਦਾਰ ਟੌਹੜਾ ਨੂੰ ਮਿਲਿਆ ਹੈ। ਪਾਠਾਂ ਸਬੰਧੀ ਕੋਈ ਪਿਛਲਾ ਕਾਗਜ਼ ਸ: ਆਤਮਾ ਸਿੰਘ ਰਈਸ ਰਾਵਲਪਿੰਡੀ ਦਾ ਬਤੌਰ ਨਾਮਧਾਰੀ ਦਰਬਾਰ ਦੇ ਪ੍ਰਧਾਨ ਨੁਮਾਇੰਦੇ ਦੇ ਅਕਾਲੀਆਂ ਵਲੋਂ ਪੇਸ਼ ਕੀਤਾ ਗਿਆ ਦਸੀਦਾ ਹੈ। ਸਤਿਗੁਰੂ ਜੀ ਆਪ ਸ੍ਰੀ ਭੈਣੀ ਸਾਹਿਬ ਨਹੀਂ ਹਨ। ੨੨ ਤਾਰੀਖ ਤੱਕ ਕੋਈ ਨਾ ਕੋਈ ਗਲ ਹੋ ਜਾਵੇਗੀ।

ਸੁਰਜੀਤ ਸਿੰਘ ਜੀਤ ਨੇ ਦਸਿਆ ਕਿ ਇਕ ਪੁਸਤਕ ਮੈਂ ਲਿਆਇਆ ਹਾਂ 'ਮਾਲਵੇ ਦਾ ਇਤਿਹਾਸ' ਉਸ ਵਿਚ ਪੁਰਾਣੇ ਪਾਠਾਂ ਦਾ ਜ਼ਿਕਰ ਹੈ। ਲਿਖਿਆ ਹੈ ਕਿ ਕਾਨਫਰੰਸਾਂ ਬਹੁਤ ਹੋਈਆਂ ਪਰ ਕਾਨਫਰੰਸ ਕਰਨ ਵਾਲਿਆਂ ਦੀ ਗਲ ਸ਼੍ਰੋਮਣੀ ਕਮੇਟੀ ਨੇ ਨਹੀਂ ਮੰਨੀ। ਮੈਂ ਕਿਹਾ ਉਹ ਇਤਿਹਾਸ ਲੈ ਕੇ ਆਵੀਂ।

ਅਕਾਲੀਆਂ ਦਾ ਨੌਜੁਆਨ ਵਰਕਰ ਤੇ ਪਤਰਕਾਰ .........ਸਿੰਘ ਆਇਆ। ਪਾਠਾਂ ਬਾਰੇ ਉਸ ਸਾਰੀ ਹਕੀਕਤ ਪੁੱਛੀ। ਉਸਦੀ ਤਸੱਲੀ ਹੋ ਗਈ। ਕਹਿਣ ਲਗਾ ਹਮਦਰਦ ਨੇ ਠੀਕ ਲਿਖਿਆ ਹੈ ਦੁਸਾਂਝ ਸਰਕਾਰੀਆ ਹੈ। ਕਲ ਅਮ੍ਰਿਤਸਰ ਅਕਾਲੀਦਲ ਦੀ ਮੀਟਿੰਗ ਵਿਚ ਇਸ ਦੇ ਮੂੰਹ ਤੇ ਸੁਣਾਈਆਂ ਗਈਆ ਕਿ ਇਹ ਅੰਦਰੋਂ ਸਰਕਾਰ ਨਾਲ ਮਿਲਿਆ ਹੋਇਆ ਹੈ। ਵੱਡੇ ਵੱਡੇ ਜਥੇਦਾਰਾਂ ਦੀਆਂ ਕੁਰੀਤੀਆਂ ਅਤੇ ਉਹਨਾਂ ਦੇ ਮੁੰਡਿਆ ਦੀਆਂ ਕਰਤੂਤਾਂ ਦਸੀਆਂ। ਕਹਿਣ ਲਗਾ ਅਕਾਲੀਦੇ ਜਿਨਾਂ ਜ਼ੋਰ ਮਰਜ਼ੀ ਲਾ ਦੇਣ ਨਾਮਧਾਰੀਆਂ ਦੇ ਖਿਲਾਫ ਲੋਕ ਨਹੀਂ ਜਾਣਗੇ।

ਇਕ ਹੋਰ ਅਕਾਲੀ ਪਤ੍ਰਕਾਰ............ਆਇਆ ਉਸ ਸਾਰਾ ਮਸਲਾ ਸੁਣਿਆ ਪੁਛਿਆ ਉਸ ਕਿਹਾ ਕਿ ਮੈਨੂੰ ਕਰਤਾਰਪੁਰ ਮਸਿਆ ਤੇ ਬੋਲਣ ਲਗੀ ਸਦਿਆ ਗਿਆ ਸੀ ਅਤੇ ਕਿਹਾ ਗਿਆ ਕਿ ਨਾਮਧਾਰੀਆਂ ਦੇ ਵਿਰੁਧ ਬੋਲੋ। ਮੈਂ ਕਿਹਾ ਮੈਂ ਕਿਸੇ ਸਿਖ ਦੇ ਵਿਰੁਧ ਨਹੀਂ ਬੋਲਾਂਗਾ।

੧੨-੬-੭੫

### ਪ੍ਰੀਤਮ ਸਿੰਘ ਕਵੀ

ਪ੍ਰੀਤਮ ਸਿੰਘ ਕਵੀ ਦੇ ਪਿੰਡ ਰੇਰੂ ਗਿਆ। ਉਹ ਚੰਡੀਗੜ ਅਤੇ ਭੈਣੀ ਸਾਹਿਬ ਤੋਂ ਹੋ ਕੇ ਆਏ ਸਨ। ਉਹ ਸਤਿਗੁਰੂ ਜੀ ਮਿਲੇ ਹਨ। ਸਾਰੀ ਗਲ ਕੀਤੀ ਹੈ। ਸੁਣਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਸ੍ਰੀ ਭੈਣੀ ਸਾਹਿਬ ਆ ਰਹੇ ਹਨ। ਕਵੀ ਜੀ ਅਨੁਸਾਰ ਸਤਿਗੁਰਾਂ ਦੀ ਲਾਈਨ ਇਹ ਸੀ ਕਿ ਅਸੀਂ ਤਾਂ ਲਖਾਂ ਰੁਪਏ ਖਰਚ ਕੇ ਮੁਕਦਮੇ ਜਿੱਤ ਕੇ ਜਦੋਂ ਅਗਲਾ ਘਰ ਚਲ ਕੇ ਆ ਗਿਆ ਤਾਂ ਚਾਬੀਆਂ ਅਗਲੇ ਦੇ ਹਵਾਲ ਕਰ ਦਿਤੀਆਂ। ਜਾਪਦਾ ਹੈ ਇੰਜ ਗਲ ਹੋਵੇਗੀ ਕਿ ਟੌਹੜਾ ਸਾਹਿਬ ਨੂੰ ਕਿਹਾ ਜਾਵੇਗਾ ਕਿ ਅਸਾਂ ਸਵਾ ਲਖ ਪਾਠ ਕਰਨੇ ਹਨ। ਅਸੀਂ ਪਾਠਾਂ ਦੀ ਇਹ ਵਿਉਂਤ ਬਣਾਈ ਹੈ ਤੁਸੀਂ ਹੀ ਦਸੋ ਕਿ ਅਸੀਂ ਕੀ ਕਰੀਏ?

### ਸ੍ਰੀਮਤੀ ਇੰਦਰਾ ਗਾਂਧੀ ਦੀ ਚੋਣ ਰੱਦ

ਅੱਜ ਸਵੇਰੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਚੋਣ ਅਲਾਹਬਾਦ ਹਾਈ ਕੋਰਟ ਦੇ ਜਸਟਿਸ ਸਿਨਹਾ ਨੇ ਰੱਦ ਕਰ ਦਿਤੀ ਹੈ। ਛੇ ਸਾਲ ਲਈ ਚੋਣ ਲੜਣ ਅਤੇ ਕਿਤੇ ਵੀ elective job ਤੇ ਲਗਣ ਲਈ ਪਾਬੰਦੀ ਲਾ ਦਿਤੀ ਹੈ। ਮੁੱਕਦਮੇ ਦਾ ਖਰਚਾ ਵੀ ਸ੍ਰੀਮਤੀ ਗਾਂਧੀ ਤੇ ਪਾ ਦਿਤਾ ਹੈ। ਜੱਜ ਨੇ ੨੦ ਦਿਨ ਦਾ ਸਟੇਅ ਵੀ ਦਿਤਾ ਹੈ। ਸ੍ਰੀਮਤੀ ਗਾਂਧੀ ਸੁਪਰੀਮ ਕੋਰਟ ਵਿਚ ਅਪੀਲ ਕਰਨਗੇ। ਗੁਜਰਾਤ ਦੀਆਂ ਚੋਣਾਂ ਦੇ ਨਤੀਜੇ ਆ ਰਹੇ ਹਨ। ਡੀ. ਪੀ. ਧਰ, ਸੋਵੀਅਤ ਰੂਸ ਵਿਚ ਭਾਰਤ ਦੇ ਰਾਜਦੂਤ ਤੇ ਭੂਤ



Sri Satguru Jagjit Singh Ji Elibrary NamdhariElibrary@gmail.com

ਪੂਰਬ ਮੰਤਰੀ ਅਤੇ ਕਸ਼ਮੀਰ ਦੇ ਉਘੇ ਆਗੂ ਸੁਰਗਵਾਸ ਹੋ ਗਏ ਹਨ । ਸਾਰਾ ਦਿਨ ਇਹ ਗੱਲਾਂ ਹੁੰਦੀਆਂ ਰਹੀਆਂ ।

## ਸ਼ਹੀਦੀ ਪੁਰਬ

ਅਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹੈ ਗੁਰਦੁਆਰਾ ਨਾਮਧਾਰੀ ਬਸਤੀ ਭੂਰੇ ਖਾਂ ਵਿਖੇ ਸਵੇਰੇ ਵਾਰ ਦਾ ਕੀਰਤਨ ਹੋਇਆ । ਸ਼ਹਿਰ ਥਾਂ ਥਾਂ ਛਬੀਲਾਂ ਲਗੀਆਂ ਹਨ ਦੀਵਾਨ ਸਜੇ ਹਨ । ਗਿਆਨੀ ਗੁਰਚਰਨ ਸਿੰਘ ਨੇ "ਪਤਰਾ ਪਾਠਾਂ ਬਾਰੇ ਕੁਝ ਤੱਥ" ਪੈਂਫਲਿਟ ਛਪਵਾ ਕੇ ਗੁਰਦਆਰਿਆਂ ਵਿਚ ਵੰਡੇ । ਇਸ ਸਜਨ ਨੇ ਠੀਕ ਸੇਧ ਲਈ ਅਤੇ ਨਾਮਧਾਰੀਆਂ ਵਿਰੁਧ ਪਰਚਾਰ ਦਾ ਖੰਡਨ ਕੀਤਾ ਹੈ। ਗੁਰਦੁਆਰਾ ਦੀਵਾਨ ਅਸਥਾਨ ਵਿਚੋਂ ਨਿਕਲਦੀਆਂ ਸੰਗਤਾਂ ਦੇ ਹੋਰ ਇਕ ਦੋ ਹੱਥ ਵਿਚ ਇਹ ਪੈਂਫਲਿਟ ਸੀ ।

ਸ੍ਰੀ ਮਤੀ ਗਾਂਧੀ ਬਾਰੇ ਖਬਰਾਂ ਹੀ ਸਭ ਅਖਬਾਰਾਂ ਤੇ ਛਾਈਆਂ ਹੋਈਆਂ ਹਨ । ਪਾਠਾਂ ਬਾਰੇ ਜ਼ਿਕਰ ਬਹੁਤ ਮੱਠਾ ਪੈ ਚੁਕਾ ਹੈ । ਅਕਾਲੀ ਪਤੱਕਾ ਵਿਚ ਦੋ ਕੁ ਮਾਮੂਲੀ ਖਬਰਾਂ ਹਨ ।

੧੪-੬-੭੫

## ਜਥੇਦਾਰ ਟੌਹੜਾ ਭੈਣੀ ਸਾਹਿਬ ਵਿਚ

ਸ: ਲਛਮਣ ਸਿੰਘ ਫਗਵਾੜੇ ਵਾਲੇ ਦੁਕਾਨ ਤੇ ਸੁਨੇਹਾ ਦੇ ਗਏ ਕਿ ਅੱਜ ਟੌਹੜਾ ਸਾਹਿਬ ਭੈਣੀ ਸਾਹਿਬ ਆ ਰਹੇ ਹਨ ਸਾਰੀ ਸੰਗਤ ਨੂੰ ਸੂਚਿਤ ਕਰਕੇ ਸ੍ਰੀ ਪ੍ਰਤੀਮ ਸਿੰਘ ਕਵੀ, ਠੇਕੇਦਾਰ ਦਰਸ਼ਨ ਸਿੰਘ, ਸੂਰਤ ਸਿੰਘ ਜੌੜਾ ਪੁਲ, ਸ: ਹਰਨਾਮ ਸਿੰਘ ਤੇ ਗੁਰਮੀਤ ਸਿੰਘ ਸਪੁਤਰ ਠੇਕੇਦਾਰ ਦਰਸ਼ਨ ਸਿੰਘ ਸ੍ਰੀ ਭੈਣੀ ਸਾਹਿਬ ਪੁਜੇ ।

ਸੇਠ ਤ੍ਰਲੋਕ ਸਿੰਘ ਵਾਲੀ ਬਿਲਡਿੰਗ ਵਿਚ ਉਪਰ ਮਹਾਰਾਜ ਬੀਰ ਸਿੰਘ ਜੀ ਦੀ ਪ੍ਰਧਾਨਗੀ ਵਿਚ ਮੀਟਿੰਗ ਹੋਈ ਜਿਸ ਵਿਚ ਬਾਂਅਦ ਵਿਚ ਕੁਝ ਸਮੇਂ ਲਈ ਸਤਿਗੁਰੂ ਜਗਜੀਤ ਸਿੰਘ ਜੀ ਵੀ ਪਧਾਰੇ ।

## ਮੀਟਿੰਗ

ਇਹ ਤਾਂ ਨਿਸਚਿਤ ਹੀ ਸੀ ਕਿ ਟੌਹੜਾ ਸਾਹਿਬ ਜਿਸ ਮੰਤਵ ਲਈ ਆ ਰਹੇ ਹਨ ਉਹ ਉਹਨਾਂ ਦਾ ਪੂਰਾ ਹੋ ਜਾਵੇਗਾ । ਕਿਉਂਕਿ ਨਾਮਧਾਰੀ ਪੰਥ ਦੀ ਮੁਢ ਤੋਂ ਹੀ ਪਾਲਸੀ ਰਹੀ ਹੈ ਕਿ ਵਾਹ ਲਗਦੀ ਕੋਈ ਵੀ ਐਸੀ ਗਲ ਨਾ ਕੀਤੀ ਜਾਵੇ ਜਿਸ ਨਾਲ ਚੇਤ ਜਾਂ ਅਚੇਤ ਸਮੁਚੇ ਪੰਥ ਵਿਚ ਦੁਬੰਧਾ ਨਾ ਫੈਲੇ । ਆਪਣੀ ਅਪਾਰ ਖਿਮਾ ਸ਼ੀਲਤਾ ਅਤੇ ਉਦਾਰਤਾ ਦਾ ਸਤਿਗੁਰੂ ਜੀ ਵਲੋਂ ਹੁਣ ਵੀ ਪ੍ਰਯੋਗ ਹੋਵੇਗਾ ਅਤੇ ਦਫੇੜ ਬਾਜ਼ਾਂ ਦੀ ਖੇਡ ਨਹੀਂ ਚਲਣ ਦਿਤੀ ਜਾਵੇਗੀ । ਹੋਰ ਕਿਸੇ ਵੀ ਗਲ ਤੇ ਜਿਹੜੀ ਮੁਢਲੇ ਸਿਧਾਂਤਾ ਦੇ ਪ੍ਰਤੀਕੂਲ ਨਾ ਹੋਵੇ, ਐਡਜਸਟਮੈਂਟ ਹੋ ਸਕਦੀ ਹੀ ਹੈ ।

## ਗੁਰਭਜਨ ਸਿੰਘ

ਮੀਟਿੰਗ ਵਿਚ ਅਮ੍ਰਿਤਸਰ ਦੀ ਰਿਪੋਰਟਿੰਗ ਕਰਦਿਆਂ ਗੁਰਭਜਨ ਸਿੰਘ ਹੋਰਾਂ ਦਸਿਆਂ ਕਿ ਸ: ਆਤਮਾ ਸਿੰਘ ਜੀ ਵਲੋਂ ਜੋ ਲਿਖਤ ਦਸੀ ਜਾ ਰਹੀ ਹੈ ਦਰਅਸਲ ਉਹ ਗੁਰਦੁਆਰਾ ਗਜ਼ਟ ਵਿਚ ਛੱਪੀ ਇਕ ਖਬਰ ਹੈ । ਉਹ ਮੂਲ ਦਸਤਾਵੇਜ਼ ਨਹੀਂ ਹੈ । ਗਲ ਬਾਤ ਦੌਰਾਨ ਉਹਨਾਂ ਦਸਿਆ ਕਿ ਵਫਦ ਨੂੰ ਸ੍ਰੋਮਣੀ ਕਮੇਟੀ ਦੇ ਸੱਕਤਰ ਗਿਆਨੀ ਮਹਿੰਦਰ ਸਿੰਘ ਹੋਰਾਂ ਦਸਿਆ ਹੈ ਕਿ "ਸ੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ: ਊਧਮ ਸਿੰਘ ਨਾਗੋਕੇ ਆਪਣੀ ਅਟੈਚੀ ਵਿਚ ਗੁਰੂ ਗਰੰਥ ਸਾਹਿਬ ਦੀ ਇਕ ਸੈਂਚੀ ਰਖਦੇ ਸਨ ਅਤੇ ਉਸ ਤੋਂ ਹਰ ਰੋਜ਼ ਪਾਠ ਕਰਦੇ ਸਨ ਪਰ ਅਸੀਂ 'ਉਸ ਨੂੰ ਨਹੀਂ ਮੰਨਦੇ" ਸਾਡੇ ਬੰਦਿਆਂ ਕਿਹਾ ਕਿ ਤੁਸੀਂ ਸਾਡੇ ਪਾਠਾਂ ਨੂੰ ਵੀ ਕਹਿ ਦੇਵੋ ਕਿ ਅਸੀਂ ਇਹਨਾਂ ਨੂੰ ਪਾਠ ਨਹੀਂ ਮਿਥਦੇ ਪਰ ਇਹ ਗਲ ਉਹਨਾਂ ਨਾ ਮੰਨੀ ।

## ਸਾਂਝਾ ਬਿਆਨ

ਮਹਾਰਾਜ ਜੀ ਨੇ ਪੁੱਛਿਆ ਕਿ ਅੱਜ ਕਾਰਜ ਵਿਧੀ ਕੀ ਅਪਨਾਉਣੀ ਚਾਹੀਦੀ ਹੈ । ਮੈਂ ਤਜਵੀਜ਼ ਰੱਖੀ ਕਿ ਇਕ ਸਾਂਝਾ ਬਿਆਨ ਸ਼੍ਰੋਮਣੀ ਕਮੇਟੀ ਦੇ ਪਰਧਾਨ ਸ: ਗੁਰਚਰਨ ਸਿੰਘ ਟੌਹੜਾ ਅਤੇ ਨਾਮਧਾਰੀ ਦਰਬਾਰ ਦੇ ਪਰਧਾਨ ਮਾਸਟਰ ਨਿਹਾਲ ਸਿੰਘ ਵਲੋਂ ਜਾਰੀ ਹੋਵੇ ਜਿਸ ਵਿਚ ਦਰਜ ਹੋਵੇ ਕਿ ਟੌਹੜਾ ਸਾਹਿਬ ਭੈਣੀ ਸਾਹਿਬ ਆਏ ਅਤੇ ਉਹਨਾਂ ਬੇਨਤੀ ਕੀਤੀ ਕਿ ਕਿਉਂਕਿ ਇਹਨਾਂ ਪਾਠਾਂ ਨਾਲ ਸਮੁਚੇ ਪੰਥ ਵਿਚ ਬੇਚੈਨੀ ਦਾ ਮਾਹੌਲ ਪੈਦਾ ਹੋ ਗਿਆ ਹੈ ਇਸ ਲਈ ਇਹ ਵਿਧੀ ਬੰਦ ਕਰ ਦਿਤੀ ਜਾਵੇ । ਸਤਿਗੁਰਾਂ ਇਹ ਬੇਨਤੀ ਪਰਵਾਨ ਕਰ ਲਈ ਹੈ । ਇਸ ਵਿਚ ਦਰਜ ਹੋਵੇ ਕਿ ਨਾਮਧਾਰੀਆਂ ਨੇ ਇਹ ਪਾਠ ਦੇਸ਼ ਵਿਚ ਸੁਖ ਸਮ੍ਰਿਧੀ ਲਿਆਉਣ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਵਾਸਤੇ ਕੀਤੇ ਹਨ । ਸ੍ਰੀ ਗਰੰਥ ਸਾਹਿਬ ਨੂੰ ਪ੍ਰਗਟ



Sri Satguru Jagjit Singh Ji Elibrary NamdhariElibrary@gmail.com

ਗੁਰਾਂ ਦੀ ਚੋਹ ਮਨਣ ਵਾਲਿਆ ਦੇ ਜਜ਼ਬਾਤਾਂ ਦਾ ਧਿਆਨ ਰਖਦਿਆਂ ਇਹ ਪਾਠ ਅਗੋਂ ਤੋਂ ਬੀੜਾਂ ਤੋਂ ਕਰਵਾਏ ਜਾਣਗੇ। ਸ੍ਰੀ ਪ੍ਰੀਤਮ ਸਿੰਘ ਕਵੀ ਜੀ ਨੇ ਇਸ ਭਾਵ ਦਾ ਬਿਆਨ ਤਿਆਰ ਕੀਤਾ।

ਸ਼ਾਮ ਸਾਢੇ ਛੇ ਵਜੇ ਟੋਹੜਾ ਸਾਹਿਬ ਸ੍ਰੀ ਭੈਣੀ ਸਾਹਿਬ ਪੁਜ ਗਏ। ਦੋ ਕਤਾਰਾਂ ਵਿਚ ਸਿੰਘਾਂ ਨੇ ਉਹਨਾਂ ਦਾ ਸੁਆਗਤ ਕੀਤਾ। ਮੈਂ ਪੁਛਿਆ ਕਿ ਟੌਹੜਾ ਸਾਹਿਬ ਦਾ ਇਵੇਂ ਸੁਆਗਤ ਕਿਓ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਸਿਧੇ ਗਲ-ਬਾਤ ਵਾਲੇ ਕਮਰੇ ਵਿਚ ਕਿਓਂ ਨਹੀਂ ਲਿਜਾਇਆ ਜਾਂਦਾ। ਗੁਰਭਜਨ ਸਿੰਘ ਨਿਜੀ ਸਕਤਰ ਹੋਰਾਂ ਦਸਿਆ ਕਿ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਸਰੋਵਰ ਦੀ ਕਾਰ ਸੇਵਾ ਵਾਸਤੇ ਗਏ ਸਨ ਤਾਂ ਉਥੇ ਸ਼੍ਰੋਮਣੀ ਕਮੇਟੀ ਵਲੋਂ ਉਹਨਾ ਦਾ ਵੀ ਬਹੁਤ ਸੁਆਗਤ ਕੀਤਾ ਗਿਆ ਸੀ। ਟੌਹੜਾ ਸਾਹਿਬ, ਤੁੜ ਸਾਹਿਬ ਅਤੇ ਹੋਰ ਨੇਤਾਵਾਂ ਨੇ ਢੋਲਕ ਚਿਮਟਿਆਂ ਦੇ ਕੀਰਤਨ ਨਾਲ ਸਤਿਗੁਰੂ ਜੀ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਪਰਕਰਮਾ ਵਿਚ ਦੀ ਹਰਿਮੰਦਰ ਸਾਹਿਬ ਖੜਿਆ ਸੀ ਅਰਦਾਸ ਉਪਰੰਤ ਸਤਿਗੁਰੂ ਜੀ ਨੇ ਕਾਰ ਸੇਵਾ ਦੇ ਦੂਸਰੇ ਦੌਰ ਦਾ ਆਰੰਭ ਟੱਪ ਲਾ ਕੇ ਕੀਤਾ ਸੀ। ਟੌਹੜਾ ਸਾਹਿਬ ਸ਼੍ਰੋਮਣੀ ਕਮੇਟੀ ਦ ਪਰਧਾਨ ਹਨ। ਉਹਨਾਂ ਦਾ ਯੋਗ ਸੁਆਗਤ ਕਰਨਾ ਬਣਦਾ ਹੀ ਹੈ। (ਅਮ੍ਰਿਤਸਰ ਵਾਲਾ ਸੁਆਗਤ ਤਾਂ ਮੈਂ ਅਪਣੀ ਅਖਾਂ ਨਾਲ ਵੇਖਿਆ ਸੀ)। ਮਾਸਟਰ ਨਿਹਾਲ ਸਿੰਘ ਹੋਰਾਂ ਟੌਹੜਾ ਸਾਹਿਬ ਦੇ ਗਲੇ ਵਿਚ ਮਾਲਾ ਪਾ ਕੇ ਸੁਆਗਤ ਕੀਤਾ। ਉਹ ਇੱਕਲੇ ਹੀ ਆਏ ਸਨ ਕੇਵਲ ਇਕ ਗੱਨ-ਮੈਨ ਨਾਲ ਸੀ। ਅਤੇ ਕਾਫੀ ਮੁਖਾਲਫਤ ਦੇ ਬਾਵਜੂਦ ਆਏ ਸਨ। ਇਸ ਗਲ ਦੀ ਬੜੀ ਕਦਰ ਸੀ। ਖੂਹੀ ਦੇ ਨਾਲ ਵਾਲੇ ਕਮਰੇ ਵਿਚ ਬੈਠਾਇਆ ਗਿਆ ਜਲ-ਪਾਣ ਕਰਾਇਆ ਗਿਆ। ਸਤਿਗੁਰੂ ਜੀ, ਮਹਾਰਾਜ ਜੀ, ਮਾਸਟਰ ਨਿਹਾਲ ਸਿੰਘ, ਸੇਠ ਤਰਲੋਕ ਸਿੰਘ, ਸ: ਹਰਵਿੰਦਰ ਸਿੰਘ ਹੰਸਪਾਲ ਪੰਡਤ ਗੋਪਾਲ ਸਿੰਘ ਜੀ, ਸਵਰਨ ਸਿੰਘ ਸਨੇਹੀ, ਪ੍ਰੀਤਮ ਸਿੰਘ ਕਵੀ, ਸੂਬਾ ਮੰਗਲਾ ਸਿੰਘ ਜੀ ਅਤੇ ਮੇਰੇ ਸਮੇਤ ਕੁਝ ਹੋਰ ਸਜਨ ਇਸ ਸਮੇਂ ਮੌਜੂਦ ਸਨ। ਪਰਸਪਰ ਸਿਹਤ ਦਾ ਹਾਲ ਚਾਲ ਪੁਛਣ ਪਿਛੋਂ ਟੌਹੜਾ ਸਾਹਿਬ ਨੇ ਬੜੇ ਚੋਣਵੇ ਸੰਖੇਪ ਤੇ ਗੁੰਦਵੇਂ ਸ਼ਬਦਾਂ ਵਿਚ ਕਿਹਾ ਕਿ ਮੈਂ ਸ਼੍ਰੋਮਣੀ ਕਮੇਟੀ ਦਾ ਪਰਧਾਨ ਹਾਂ ਪਰ ਮੇਰੇ ਤੇ ਅਫਸਰੀ ਅਥਵਾ ਟੀਕਾ ਟਿਪਣੀ ਕਰਨ ਵਾਲੇ ਬਹੁਤ ਹਨ। ਆਪ ਸਰਬ ਸਮਰਥ ਹੋ ਕੋਈ ਤੁਹਾਡੀ ਗਲ ਮੋੜ ਨਹੀਂ ਸਕਦਾ। ਇਹ ਵਿਵਾਦ ਸਮੁੱਚੇ ਪੰਥ ਵਾਸਤੇ ਮਾੜਾ ਹੈ। ਸਤਿਗੁਰਾਂ ਕਿਹਾ ਤੁਹਾਡੀ ਗਲ ਤਾਂ ਅਸਾਂ ਅਗੋ ਹੀ ਮੰਨ ਕੇ ਬੀੜ ਤੋਂ ਪਾਠ ਸ਼ੁਰੂ ਵੀ ਕਰਵਾ ਦਿਤੇ ਹਨ ਪਰ ਕੁਝ ਗੈਰ ਜ਼ੁਮੇਵਾਰ ਅਨਸਰਾਂ ਦੀਆਂ ਗਲਾਂ ਦਾ ਤੁਸੀਂ ਧਿਆਨ ਰਖੋ। ਪੰਡਤ ਜੀ ਵਲੋਂ ਅਖਬਾਰਾਂ ਵਿਚ ਛਪੀਆਂ ਬਹੁਤ ਮਾੜੀਆਂ ਗੱਲਾਂ ਵਲ ਧਿਆਨ ਦੁਆਇਆ ਗਿਆ ਤਾਂ ਟੌਹੜਾ ਜੀ ਨੇ ਕਿਹਾ ਇਹ ਅਖਬਾਰਾਂ ਵਾਲੇ ਆਪਸ ਵਿਚ ਇਕ ਦੂਜੇ ਦੇ ਵਰੋਧ ਕਾਰਨ ਅਜਿਹੀਆਂ ਗਲਾਂ ਲਿਖਦੇ ਹਨ। ਅਸੀਂ ਜੋ ਆਪ ਨੂੰ ਚਿਠੀਆਂ ਲਿਖੀਆਂ ਹਨ। ਉਹਨਾਂ ਦੀ ਸ਼ਬਦਾਵਲੀ ਬਹੁਤ ਸਤਿਕਾਰ ਪੂਰਨ ਰੱਖੀ ਹੈ। ਚੰਗਾ ਹੋਇਆ ਜੋ ਆਪ ਨੇ ਗਲ ਮੰਨ ਲਈ ਹੈ। ਸਗੋਂ ਕੁਝ ਲਿਖਤੀ ਰੂਪ ਵਿਚ ਹੋ ਜਾਵੇ ਤਾਂ ਚੰਗਾ ਹੈ ਜਿਵੇਂ ਬਾਬਾ ਆਤਮਾ ਸਿੰਘ ਜੀ ਵਲੋਂ ਹੋਇਆ ਸੀ। ਇਸ ਸਮੇਂ ਉਹਨਾਂ ਨੂੰ ਸਾਂਝੇ ਬਿਆਨ ਦਾ ਖਰੜਾ ਦਿਖਾਇਆ ਗਿਆ। ਉਹਨਾਂ ਬੜੀ ਨੀਝ ਨਾਲ ਚਾਰ ਕੁ ਵਾਰ ਪੜਿਆ ਫੇਰ ਕਹਿਣ ਲਗੇ ਕਿ ਤੁੜ ਪਿੰਡ ਵਿਚ ਸਾਡੀ ਸਾਰਿਆਂ ਦੀ ਇਕੱਤ੍ਰਤਾ ਹੋ ਰਹੀ ਹੈ ਉਥੇ ਸਲਾਹ ਕਰਕੇ ਮੈਂ ਕਲ ਆਵਾਂਗਾ ਜਾਂ ਗਿਆਨੀ ਮਹਿੰਦਰ ਸਿੰਘ ਜੀ ਨੂੰ ਭੇਜਾਂਗਾ।

ਫੇਰ ਉਹਨਾਂ ਨੂੰ ਕਿਹਾ ਗਿਆ ਕਿ ਤੁਸੀਂ ਵੇਖ ਤਾਂ ਲਵੋ ਕਿਵੇਂ ਪਾਠ ਹੁੰਦੇ ਸਨ। ਕਹਿਣ ਲਗੇ ਮੈਨੂੰ ਰਹਿਣ ਹੀ ਦਿਉ। ਪਰ ਫੇਰ ਉਹ ਝਿਜਕਦੇ ਹੋਏ ਅੰਦਰ ਚਲੇ ਹੀ ਗਏ। ਹਰੀ ਮੰਦਰ ਵਿਚ ਬਹੁਤ ਸਾਰੀਆਂ ਬੀੜਾਂ ਦਾ ਪ੍ਰਕਾਸ਼ ਹੋਇਆ ਹੋਇਆ ਸੀ। ਸਾਹਮਣੇ ਹਾਲ ਵਿਚ ਪਹਿਲੇ ਤਰੀਕੇ ਨਾਲ ਰੇਲਾਂ ਰੱਖ ਕੇ ਪਾਠੀ ਪਾਠ ਕਰ ਰਹੇ ਸਨ। ਸਾਰੀ ਗਲ ਬਾ-ਅਦਬ ਤੇ ਮਰਿਆਦਾ ਸਹਿਤ ਅਤੇ ਸ਼ਾਂਤੀ ਪੂਰਬਕ। ਟੌਹੜਾ ਸਾਹਿਬ ਨੇ ਤਸੱਲੀ ਹੀ ਪ੍ਰਗਟਾਈ। ਫੇਰ ਬਾਹਰ ਦੀਵਾਨ ਵਿਚ ਗਏ। ਉਹਨਾਂ ਨੂੰ ਕੁਝ ਬੋਲਣ ਲਈ ਕਿਹਾ ਗਿਆ। ਉਹਨਾਂ ਕਿਹਾ ਮੈਂ ਫੇਰ ਆਣ ਕੇ ਬੋਲਾਂਗਾ ਗੁਰਭਜਨ ਸਿੰਘ ਨੇ ਅਪਣੇ ਸੰਖੇਪ ਭਾਸ਼ਨ ਵਿਚ ਸਾਰੀ ਗਲ ਬਾਤ ਸੰਗਤ ਨੂੰ ਦਸੀ। ਉਹਨਾਂ ਕਿਹਾ ਕਿ ਟੌਹੜਾ ਸਾਹਿਬ ਆਏ ਹਨ ਅਤੇ ਸਤਿਗੁਰੂ ਜੀ ਦੀ ਜੋ ਸ਼ਰਨ ਆਉਂਦਾ ਹੈ ਉਸ ਨੂੰ ਉਹ ਕੰਠ ਲਾਉਂਦੇ ਹਨ। ਉਹ ਬੜੀ ਮੁਖਾਲਫਤ ਵਿਚ ਆਏ ਹਨ ਇਹ ਬਹੁਤ



Sri Satguru Jagjit Singh Ji Elibrary NamdhariElibrary@gmail.com

ਵਡੀ ਗਲ ਹੈ ਅਸੀਂ ਇਹਨਾਂ ਨੂੰ ਜੀਓ ਆਇਆਂ ਆਖਦੇ ਹਾਂ।

ਅੰਤ ਵਿਚ ਸਤਿਗੁਰੂ ਜੀ ਨੇ ਫਰਮਾਇਆ ਕਿ ਸਤਿਗੁਰੂ ਰਾਮ ਸਿੰਘ ਜੀ ਜਦੋਂ ਅਮ੍ਰਿਤਸਰ ਪੁਜਾਰੀਆਂ ਦੇ ਗਏ ਸੀ ਤਾਂ ਉਹਨਾਂ ਵੀ ਪੰਥਕ ਏਕਤਾ ਨੂੰ ਮੁਖ ਰਖਦੇ ਹੋਏ ਇਕ ਨੀਲੀ ਲੀਰ ਦਸਤਾਰ ਤੇ ਰੱਖ ਲਈ ਸੀ। ਅਸੀਂ ਟੌਹੜਾ ਜੀ ਦਾ ਮਾਨ ਤੇ ਸਤਿਕਾਰ ਕਰਦੇ ਹੋ, ਪਿਛਲੀ ਵਿਧੀ ਅਨੁਸਾਰ ਪਾਠਾਂ ਨੂੰ ਬੰਦ ਕਰਕੇ ਬੀੜਾਂ ਤੋਂ ਸ਼ੁਰੂ ਕਰ ਦਿਤੇ ਦਨ। ਇਸ ਤੇ ਸਾਰੇ ਪਹਿਲੇ ਪਾਠੀ ਪਾਠ ਸਮਾਪਤ ਕਰਕੇ ਅਰਦਾਸ ਕਰਨ ਬਾਹਰ ਆਂ ਗਏ। ਅਰਦਾਸ ਹੋਈ ਤੇ ਸਮਾਗਮ ਸਮਾਪਤ ਹੋਇਆ।

ਅਜੇ ਟੌਹੜਾ ਸਾਹਿਬ ਸ੍ਰੀ ਭੈਣੀ ਸਾਹਿਬ ਹੀ ਸਨ ਮੇਰੇ ਦਿਮਾਗ ਵਿਚ ਖਿਆਲ ਆਇਆ ਕਿ ਹੁਣ ਜਦੋਂ, ਪਾਠ ਬੰਦ ਕੀਤੇ ਹਨ ਤਾਂ ਜੇ ਅੱਜ ਸਾਂਝਾ ਬਿਆਨ ਜਾਰੀ ਨਹੀਂ ਹੋਇਆ ਤਾਂ ਸ ਨੂੰ ਆਪਣੇ ਵਲੋਂ ਹੀ ਬਿਆਨ ਜਾਰੀ ਕਰਨਾ ਚਾਹੀਦਾ ਹੈ ਕਿ ਇਵੇਂ ਹੋਇਆ ਹੈ। ਸਾਂਝਾ ਬਿਆਨ ਜ਼ਾਣ ਵਿਚ ਤਾਂ ਅਜੇ ਬਹੁਤ ਦੇਰ ਲਗੇਗੀ ਦੋਹਾ ਧਿਰਾਂ ਦੀ ਪਰਵਾਨਗੀ ਚਾਹੀਦੀ ਹੈ ਸ਼ਬਦਾਵਲੀ ਦੀ ਵੀ ਅਦਲਾ ਬਦਲੀ ਹੋਣ ਦੀ ਸੰਭਾਵਨਾ ਹੈ। ਹੁਣ ਕੀ ਹੋ ਸਕਦਾ ਹੈ। ਮੈਂ ਸਤਿਗੁਰੂ ਜੀ ਨੂੰ ਲਭਣ ਦਾ ਜਤਨ ਕੀਤਾ। ਆਪ ਜੀ ਪੌੜੀਆਂ ਚੜ੍ਹ ਕੇ ਉਪਰ ਜਾ ਰਹੇ ਸਨ ਮੈਂ ਜਾਂਦਿਆਂ ਜਾਂਦਿਆਂ ਤਰੀਕਾ ਕਾਰ ਦੀ ਪਰਵਾਹ ਕੀਤਿਆਂ ਬਿਨਾਂ ਆਪਣੀ ਗਲ ਅਰਜ਼ ਕਰ ਦਿਤੀ। ਆਪਨੇ ਕੁਝ ਸੋਚ ਕੇ ਹੁਕਮ ਕੀਤਾ "ਸਨੇਹੀ ਨੂੰ ਕਹੋ"।

ਸਵਰਨ ਸਿੰਘ ਸਨੇਹੀ ਕੋਲ ਗਲ ਕੀਤੀ। ਉਹਨਾਂ ਕਿਹਾ ਹੁਣ ਕੀ ਹੋ ਸਕਦਾ ਹੈ। ਇਹ ਸਭ ਦੀ ਮਰਜ਼ੀ ਨਾਲ ਜਾਂ ਸਤਿਗੁਰੂ ਦੇ ਹੁਕਮ ਨਾਲ ਗਲ ਹੋ ਸਕਦੀ ਹੈ। ਉਧਰੋਂ ਟੌਹੜਾ ਸਾਹਿਬ ਚਲੇ ਗਏ ਹਨ ਜਾਂ ਜਾਣ ਵਾਲੇ ਹਨ। ਜੋ ਫੈਸਲਾ ਹੋਇਆ ਹੈ ਹੁਣ ਤਾਂ ਉਸ ਨੂੰ ਹੀ ਮੰਨਣ ਪਵੇਗਾ।

੧੫-੬-੭੫

ਪਹਿਲਾਂ ਸਤਿਗੁਰੂ ਜੀ ਨਾਲ ਅਤੇ ਫੇਰ ਦੁਬਾਰਾ ਸੁਰਿੰਦਰ ਸਿੰਘ ਲੁਧਿਆਣੇ ਵਾਲੇ ਦੀ ਕਾਰ ਵਿਚ ਨਹਿਰ ਤੇ ਨਹਾਉਣ ਗਏ ਟੀਊਬਾਂ ਜੈਕਟਾਂ ਦੀ ਮਦਦ ਨਾਲ ਤਰਦੇ ਰਹੇ

੧੬-੬-੭੫

ਸ੍ਰੀ ਭੈਣੀ ਸਾਹਿਬ ਤੋਂ ਸਵੇਰੇ ਟਰੱਕ ਰਾਹੀਂ ਫਗਵਾੜੇ ਅਤੇ ਅਗੋਂ ਬਸ ਰਾਹੀਂ ਜਲੰਧਰ ਪੁਜੇ। ਨਾਲ ਸਤਿਪਾਲ ਸਿੰਘ ਸਨੇਹੀ ਮੰਡੀ, ਰਸ਼ਪਾਲ ਸਿੰਘ ਸਕੱਤਰ ਵਿਦਿਅਕ ਜੱਥਾ ਮੰਡੀ ਅਤੇ ਪ੍ਰੀਤਮ ਸਿੰਘ ਕਵੀ। ਮੰਡੀ ਦੇ ਵਿਦਿਆਕ ਸੰਮੇਲਣ ਲਈ ਤਿਆਰੀ ਕਰਨੀ ਸੀ।

੧੭-੬-੭੫

ਸਵੇਰੇ ਸਵਾ ਪੰਜ ਵਜੇ ਸੰਤ ਬਲਕਾਰ ਸਿੰਘ ਨੇ ਵਾਜ਼ਾਂ ਮਾਰ ਕੇ ਜਗਾਇਆ। ਬਾਹਰ ਸਤਿਗੁਰੂ ਜੀ ਆਏ ਹੋਏ ਸਨ। ਉਹਨਾਂ ਬੋਲਣਾ ਨਹੀਂ ਸੀ ਚਿਟ ਦੇ ਗਏ ਕਿ ਵਰਿੰਦਰ ਨੂੰ ਨਾਲ ਲੈ ਕੇ ਰਾਜੇਸ਼ਵਰੀ ਕਲਾ ਸੰਗਮ ਦੇ ਬਾਹਰ ਪੁਜੋ। ਇਸ ਪ੍ਰਕਾਰ ਹੀ ਕੀਤਾ। ਆਪ ਜੀ ਹੋਰ ਪਾਸਿਓਂ ਹੋ ਕੇ ਉਥੇ ਪੁਜੇ। ਹਾਲ ਚਾਲ ਪੁਛਣ ਉਪਰਤ ਸਤਿਗੁਰਾਂ ਵਰਿੰਦਰ ਜੀ ਨੂੰ ਕਿਹਾ ਕਿ ਤੇਰੇ ਘਰ ਦਾ ਖਰਚਾ ਅਸੀਂ ਦਿੰਦੇ ਹਾਂ ਤੂੰ ਉਸਤਾਦ ਵਲ ਇਤ ਖਾਂ ਸਾਹਿਬ ਦੇ ਕੋਲ ਦੇਹਰਾਦੂਨ ਰਹਿ ਕੇ ਸਿਤਾਰ ਸਿਖ। ਉਸ ਤੋਂ ਬਾਅਦ ਸਾਰੇ ਜੀਵਨ ਵਾਸਤੇ ਵੀ ਵਧੀਆ ਪਰਬੰਧ ਦਾ ਭਰੋਸਾ ਦਿਵ ਇਆ।

੧੮-੬-੭੫

ਅੱਜ ਅਖਬਾਰਾਂ ਵਿਚ 'ਪਤਰਾਂ ਪਾਠ ਬੰਦ ਕਰਨ ਦੀਆਂ ਖਬਰਾਂ ਆਈਆਂ

ਅਕਾਲੀ ਪੱਤ੍ਰਕਾ ਨੇ ਸੁਰਖੀ ਲਾਈ ਕੂਕਿਆਂ ਨੇ ਅਗੋਂ ਪਤਰਾ ਪਾਠ ਕਰਨ ਤੋਂ ਤੋਬਾ ਕਰ ਲਈ"

ਅਜੀਤ ਨੇ ਲਿਖਿਆਂ: ਪਤਰਾ ਪਾਠ ਬੰਦ ਬੀੜਾਂ ਤੋਂ ਪਾਠ ਸ਼ੁਰੂ

ਨਵਾ ਜ਼ਮਾਨਾ:- ਨਾਮਧਾਰੀਆਂ ਨੇ ਅਕਾਲੀਆਂ ਦੀ ਅਰਜ਼ ਮੰਨ ਲਈ।

ਪਤੇ ਨਹੀਂ ਕਿਵੇਂ। ਜੋ ਬਿਆਨ ਛਪਿਆ ਹੈ ਉਹ ਭੈਣੀ ਸਾਹਿਬ ਵਾਲੇ ਬਿਆਨ ਤੋਂ ਬਿਲਕੁਲ ਉਲਟ ਹੈ।

(ਚਲਦਾ)



Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ





ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

***HABI INDUSTRIES (Regd.)***

10, Industrial Area,

PHAGWARA—144401.



Sri Satguru Jagjit Singh Ji Elibrary NamdhariElibrary@gmail.com

ਕਹਾਣੀ

# ਸੋਚਦਾ ਹਾਂ

—ਰਾਜ ਸ਼ਰਮਾ

ਅੰਮ੍ਰਿਤਸਰ ਵਿਖੇ ਵਾਪਰੀ ਇਹ ਘਟਨਾ ਜਦ ਕਦੇ ਮੈਨੂੰ ਯਾਦ ਆ ਜਾਂਦੀ ਹੈ ਤਾਂ ਮੈਂ ਸੋਚਣ ਲੱਗ ਜਾਂਦਾ ਹਾਂ ਪਰ ਤੁਸੀਂ ਪਹਿਲਾਂ ਇਸ ਘਟਨਾ ਬਾਰੇ ਸੁਣੋ ।

ਹੋਇਆ ਇੰਝ ਕਿ ਮੈਂ ਕਿਸੇ ਨਿੱਜੀ ਕੰਮ ਅੰਮ੍ਰਿਤਸਰ ਗਿਆ ਹੋਇਆ ਸਾਂ । ਮੈਂ ਪੁਤਲੀ ਘਰ ਦੇ ਚੌਂਕ ਤੋਂ ਵਾਪਿਸ ਹਾਲ ਬਾਜ਼ਾਰ ਵਲ ਆਉਣ ਵਾਸਤੇ ਇਕ ਰਿਕਸ਼ੇ ਵਾਲੇ ਨਾਲ ਪੈਸਿਆਂ ਦਾ ਫੈਸਲਾ ਕਰ ਰਿਹਾ ਸਾਂ । ਇਕ ਸਰਦਾਰ ਜੀ ਮੇਰੇ ਵੱਲ ਤੱਕਦੇ ਲੰਘੇ ਤੇ ਕੁਝ ਕੁ ਅੱਗੇ ਜਾ ਕੇ ਉਨ੍ਹਾਂ ਸਾਇਕਲ ਨੂੰ ਬਰੇਕਾਂ ਲਾ ਦਿੱਤੀਆਂ ਤੇ ਮੇਰੇ ਵਲ ਨੂੰ ਪਰਤ ਤੁਰੇ । ਦੋ ਕੁ ਮਿੰਟ ਉਨ੍ਹਾਂ ਮੈਥੋਂ ਪੁਛਿਆ "ਤੁਹਾਡਾ ਨਾਂ" ਮੈਂ ਤਾਂ ਪਹਿਲਾਂ ਹੀ ਹੈਰਾਨ ਜਿਹਾ ਹੋਇਆ ਖੜਾ ਸਾਂ ਕਿ ਗੱਲ ਕੀ ਸੀ ਪਰ ਏਨੇ ਕੁ ਚਿਰ ਵਿਚ ਮੈਂ ਇਹ ਪਹਿਚਾਨਣ ਵਿਚ ਸਫਲ ਹੋ ਚੁਕਿਆ ਸਾਂ ਕਿ ਇਹ ਸਰਦਾਰ ਜੀ ਕਦੇ ਦਿਆਲ ਸਿੰਘ ਕਾਲਿਜ ਲਾਹੌਰ ਵਿਚ ਮੇਰੇ ਸਹਿਪਾਠੀ ਰਹਿ ਚੁੱਕੇ ਸਨ, ਦਿਮਾਗ਼ ਤੇ ਜ਼ੋਰ ਪਾਉਣ ਤੇ ਮੈਨੂੰ ਯਾਦ ਆ ਚੁੱਕਿਆ ਸੀ ਕਿ ਇਨ੍ਹਾਂ ਦਾ ਨਾਂ ਪਰਮਿੰਦਰ ਸਿੰਘ ਸੀ । ਹੁਣ ਜਦ ਉਨ੍ਹਾਂ ਮੈਥੋਂ ਮੇਰਾ ਨਾਂ ਪੁਛਿਆ ਤਾਂ ਮੈਂ ਝਟ ਬੋਲ ਉਠਿਆ "ਤੇਰਾ ਨਾਂ ਪਰਮਿੰਦਰ ਹੈ......ਤੇ ਤੂੰ ... ......।"

ਤੇ ਫਿਰ ਅਸੀਂ ਇਕ ਦੂਜੇ ਦੀ ਗੱਲਵੱਕੜੀ ਵਿਚ ਸਾਂ । ਅਸੀਂ ਇਕ ਦੂਜੇ ਨੂੰ ਚੌਦਾਂ ਵਰ੍ਹੇ ਬਾਅਦ ਮਿਲੇ ਸਾਂ......ਤੇ ਉਹ ਵੀ ਅੱਜ... ਤੇ ਏਨੇ ਚਿਰ ਵਿਚ......।

ਉਹ ਪਤਲਾ ਜਿਹਾ ਮੁੰਡਾ ਜਿਸ ਨੂੰ ਅਸੀਂ "ਪੰਮੀ" ਆਖਿਆ ਕਰਦੇ ਸੀ, ਮੋਟਾ ਤਕੜਾ ਹੋ ਗਿਆ ਸੀ । ਉਹਦੇ ਮੂੰਹ ਤੇ ਦਾਹੜੀ ਦੇ ਵਾਲਾਂ ਕਰ ਕੇ ਹੀ ਮੈਂ ਉਸ ਨੂੰ ਏਨੀ ਛੇਤੀ ਪਹਿਚਾਨ ਨਹੀਂ ਸੀ ਸਕਿਆ ਜਿੰਨੀ ਛੇਤੀ ਕਿ ਉਸ ਨੇ ਮੈਨੂੰ ਪਹਿਚਾਨ ਲਿਆ ਸੀ ।

"ਆ ਚੱਲੀਏ ।"

"ਕਿਥੇ ?"

"ਘਰ ।"

"ਪਰ ।"

"ਪਰ ਗਲ ਕੁਝ ਨਹੀਂ । ਚਲ ਵੀ ਨਾ ਏਨੇ ਚਿਰ ਮਗਰੋਂ ਤਾਂ ਮਿਲਿਆ ਏਂ" ਉਸ ਨੇ ਆਪਣੇ ਸਾਇਕਲ ਦਾ ਹੈਂਡਲ ਮੋੜਦਿਆਂ ਹੋਇਆਂ ਆਖਿਆ ਸੀ ।

ਲਾਹੌਰ ਪੰਮੀ ਕਿਸੇ ਸਿਆਸੀ ਪਾਰਟੀ ਦੇ ਅਖ਼ਬਾਰ ਤੇ ਪੈਮਫਲਿਟ ਵੇਚਿਆ ਕਰਦਾ ਸੀ । ਇਸੇ ਵਾਸਤੇ ਅਸੀਂ ਮਖੌਲ ਵਿਚ ਉਸ ਨੂੰ ਆਖਿਆ ਕਰਦੇ ਸੀ ।

"ਚਲ ਯਾਰ, ਅੱਜ ਚਾਹ ਕਿਥੋਂ ਪਿਆ ਰਿਹਾ ਹੈਂ । ਬਹੁਤ ਸਾਰੇ ਅਖ਼ਬਾਰ ਵਿਕ ਗਏ ਨੇ ਅੱਜ ਤਾਂ" ਤੇ ਉਹ ਟਾਲ ਮਟੋਲ ਕਰਦਾ ਸੀ । ਅੱਜ ਉਹ ਕੀ ਕਰਦਾ ਸੀ । ਉਸ ਦੇ ਮੁੰਡਪੁਣੇ ਦੇ ਉਹ ਕੱਚੇ ਜਜ਼ਬੇ ਤੇ ਵਿਚਾਰ, ਜੀਵਨ ਦੇ ਸੰਘਰਸ਼ ਵਿਚ ਘਿਸ ਘਿਸਾ ਕੇ ਬਦਲੇ ਵੀ ਹਨ ਕਿ ਨਹੀਂ । ਇਨ੍ਹਾਂ ਵਿਚਾਰਾਂ ਦੇ ਅਧੀਨ ਹੋ ਮੈਂ ਉਸ ਦੇ ਨਾਲ ਤੁਰ ਪਿਆ ਸਾਂ ।

"ਤੂੰ ਅੱਜ ਕਲ੍ਹ ਕਿਥੇ ਹੁੰਦਾ ਹੈ ?"
ਉਸ ਨੇ ਪੁਛਿਆ ।"

"ਸ਼ਿਮਲੇ ।"

"ਕੀ ਕਰਦੈਂ ।"

"ਸਰਕਾਰੀ ਨੌਕਰੀ ।"

"ਓ ! ਤਾਂ ਹੋ ਗਿਆ ਹੈ ਨਾ ਸਰਕਾਰ ਦਾ ਪਿੱਠੂ । ਜੋ ਪਹਿਲਾਂ ਸੈਂ ਸੋ ਹੁਣ ਵੀ ਏਂ" ਉਸ ਨੇ ਵੀ ਜਿਵੇਂ ਮੇਰੀ ਗੁਜ਼ਰੀ ਜ਼ਿੰਦਗੀ ਦੀਆਂ ਘਟਨਾਵਾਂ ਆਪਣੇ ਮਨ ਹੀ ਮਨ ਵਿਚ ਦੁਹਰਾ ਲਈਆਂ ਹੋਣ ।

"ਤਾਂ ਹੋਰ ਕੀ, ਰੋਟੀ ਤਾਂ ਕਮਾ ਖਾਏ ਕਿਸੇ ਤਰ੍ਹਾਂ ਮਛੰਦਰ ।

"ਹਾਂ, ਉਹ ਤਾਂ......।"

"ਤੇ ਤੂੰ ਕੀ ਕਰਦਾ ਹੈ ! ਹੁਣ ਸਵਾਲ ਕਰਨ ਦੀ ਮੇਰੀ ਵਾਰੀ ਸੀ ।

"ਕੁਝ ਵੀ ਨਹੀਂ, ਪਰ ਬਹੁਤ ਕੁਝ ਵੀ ।"

"ਕੀ ਮਤਲਬ ।"

"ਕਦੇ ਇਕ ਸੁਪਨਾ ਦੇਖਿਆ ਸੀ । ਉਸੇ ਸੁਪਨੇ ਨੂੰ ਸਾਕਾਰ ਬਨਾਉਣ ਲਈ ਹੀਲਾ ਕਰਦਾ ਹਾਂ ।"



Sri Satguru Jagjit Singh Ji Elibrary NamdhariElibrary@gmail.com

"ਕੀ ਗੱਲ ?"

"ਮਜ਼ਦੂਰਾਂ ਨੂੰ ਜੱਥੇਬੰਦ ਕਰਦਾ ਹਾਂ ਤੇ।"

ਤੇ ਪੇਟ ਭਰ ਲੈਂਦਾ ਹਾਂ, "ਮੈਂ ਤਾਅਨੇ ਵਜੋਂ ਆਖ ਹੀ ਦਿੱਤਾ।

ਉਹ ਹੱਸਿਆ ਤੇ ਬੋਲਿਆ "ਚਲ ! ਘਰ ਚਲ ਕੇ ਆਰਾਮ ਨਾਲ ਗੱਲਾਂ ਕਰੀਏ।"

ਹੁਣ ਉਹ ਮੈਨੂੰ ਚੌਂਕ ਪੁਤਲੀ ਘਰ ਤੋਂ ਛਾਉਣੀ ਵਲ ਜਾਣ ਵਾਲੇ ਬਾਜ਼ਾਰ ਤੋਂ ਕਾਫ਼ੀ ਅਗੇ ਤਾਈਂ ਲੈ ਆਇਆ ਸੀ। ਫਿਰ ਇਕ ਗਲੀ ਦਾ ਮੋੜ ਮੁੜ ਕੇ ਉਸ ਨੇ ਇਕ ਘਰ ਦੇ ਦਰਵਾਜ਼ੇ ਦੇ ਸਾਹਮਣੇ ਲੱਗੀ ਹੋਈ ਘੰਟੀ ਵਜਾਈ ਤੇ ਦਰਵਾਜ਼ਾ ਇਕ ਛੋਟੀ ਜਿਹੀ ਕੁੜੀ ਨੇ ਖੋਲ੍ਹਿਆ। ਇਹੋ ਕੋਈ ਅੱਠ ਨੌਂ ਸਾਲ ਦੀ ਕੁੜੀ ਹੋਏਗੀ। ਉਹ !

ਉਹ ਮੈਨੂੰ ਇਕ ਕਮਰੇ ਵਿਚ ਲੈ ਗਿਆ। ਇਕ ਡਰਾ-ਇੰਗ ਰੂਮ ਜਾਪਦਾ ਸੀ। ਕਮਰਾ ਬੜੇ ਚੰਗੇ ਢੰਗ ਨਾਲ ਸੱਜਿਆ ਹੋਇਆ ਸੀ। ਕੁਰਸੀਆਂ ਸੋਫ਼ਾ-ਸੈੱਟ ਤਰਤੀਬ ਨਾਲ ਰੱਖੇ ਹੋਏ ਸਨ। ਕੰਧਾ ਤੇ ਹਲਕਾ ਨੀ ਾ ਰੰਗ ਹੋਇਆ ਹੋਇਆ ਸੀ। ਇਕ ਪਾਸੇ ਇਕ ਛੋਟੇ ਜਿਹੇ ਮੇਜ਼ ਤੇ ਇਕ ਰੇਡੀਓ ਸੈੱਟ ਪਿਆ ਸੀ। ਉਸ ਦੇ ਉਪਰ ਇਕ ਛੋਟੀ ਜਿਹੀ ਗੁੱਡੀ ਸੀ। ਮਿੱਟੀ ਦੀ ਖ਼ੂਬਸੂਰਤ ਗੁੱਡੀ। ਜੇ ਇਸ ਨੂੰ ਹਿਲਾਉ ਤਾਂ ਇੰਝ ਹਿਲਣ ਲੱਗ ਜਾਂਦੀ ਜਾਂਦੀ ਜਿਵੇਂ ਨੱਚ ਰਹੀ ਹੋਵੇ। ਕੰਧਾਂ ਤੇ ਤਸਵੀਰਾਂ ਸਨ। ਨਿੱਕੇ ਨਿੱਕੇ ਸਜਾ-ਵਟੀ ਗਮਲੇ ਸਨ ਤੇ ਉਨ੍ਹਾਂ ਵਿਚ ਫੁੱਲਾਂ ਦੇ ਗੁਲਦਸਤੇ।

ਮੈਨੂੰ ਕੁਰਸੀ ਤੇ ਬੈਠ ਜਾਣ ਵਾਸਤੇ ਆਖਣ ਮਗਰੋਂ ਉਹ ਬੋਲਿਆ ਕੀ ਪਏਂਗਾ।

"ਬੈਠ ਤਾਂ......ਸਹੀ" ਮੈਂ ਆਖਿਆ।

ਸ਼ਾਦੀ ਕਰ ਲਈ ਏ ? ਮੈਂ ਕਮਰੇ ਦੀ ਸਜਾਵਟ ਵਿਚ ਕਿਸੇ ਇਸਤਰੀ ਹੱਥਾਂ ਦੀ ਛੋਹ ਮਹਿਸੂਸ ਕਰਦਿਆਂ ਹੋਇਆ ਪੁਛ ਹੀ ਲਿਆ।

"ਕਰ ਲਈ ਹੈ।"

"ਕਦੋ ?"

"ਬਹੁਤ ਦੇਰ ਹੋਈ ਹੈ।"

"ਕਿਹੋ ਜਿਹੇ ਨੇ ਭਾਬੀ ਜੀ ?"

"ਮਿਲਾ ਦਿੰਦਾ, ਪਰ ਹਾਲੀ ਘਰ ਆਈ ਨਹੀਂ।"

"ਕਿਥੋਂ।"

"ਸਕੂਲ ਪੜ੍ਹਾਉਂਦੇ ਨੇ ਨਾ।"

"ਬੱਚੇ ਕਿੰਨੇ ਨੇ।"

"ਦੋ।"

"ਵੱਡੇ ਨੇ ਯਾ ?" ਮੈਂ ਇਸ ਵਿਚਾਰ ਨਾਲ ਪੁਛਿਆ ਕਿ ਜੇ ਬੱਚੇ ਨਿਕੇ ਹੋਏ ਤਾਂ ਬੱਚਿਆਂ ਦਾ ਧਿਆਨ ਕੌਣ ਰੱਖਦਾ ਹੋਵੇਗਾ।

'ਨਿੱਕੇ ਨੇ ! ਇਕ ਦੀ ਉਮਰ ਕੋਈ ਤਿੰਨ ਵਰ੍ਹੇ ਤੇ ਦੂਜੇ ਦੀ ਕੋਈ ਸਾਲ ਕੁ ਹੈ।' ਮੈਨੂੰ ਕਮਰੇ ਦੀ ਸਜਾਵਟ ਤਕ ਕੇ ਇਕ ਮਖੌਲ ਸੁਝਿਆ।

ਮਜ਼ਦੂਰਾ ਨੂੰ ਜਥੇਬੰਦ ਕਰਦਾ ਹੋਇਆ ਵੀ ਬੜੇ ਮਜ਼ੇ ਵਿਚ ਹੈਂ ?

'ਕਿਵੇਂ' ਉਸ ਨੇ ਪੁਛਿਆ !

'ਬੜੇ ਮਜ਼ੇ ਵਿਚ ਤੇ ਹੈ ਹੀ ਅਸੀਂ ਸਰਕਾਰੀ ਮੁਲਾਜ਼ਮ ਤੇ ?'

'ਅਸੀਂ ਤਾਂ ਚਾਹੁੰਦੇ ਹਾਂ ਕਿ ਤੁਹਾਡੀਆਂ ਤਨ-ਖਾਹਾਂ ਵੱਧ ਜਾਣ, ਪਰ ! '

'ਪਰ ਕੀ ?'

ਸਰਕਾਰ ਇਸ ਵੱਲ ਧਿਆਨ ਹੀ ਨਹੀਂ ਦੇਂਦੀ। ਅਸੀਂ ਤਾਂ ਇਕ ਅਜਿਹੇ ਸਮਾਜ ਦੇ ਚਾਹਵਾਨ ਹਾਂ, ਜਿਥੇ ਹਰ ਇਕ ਕੋਲ ਚੰਗੀ ਰੋਟੀ ਤੇ ਚੰਗੇ ਜੀਵਨ ਸਾਥੀ ਹੋਣ... ਘਟ ਤੋਂ ਘਟ।'

'ਘੱਟ ਤੋਂ ਘੱਟ ਕੀ !'

'ਮਜ਼ਦੂਰਾਂ ਦੀ ਜਮਹੂਰੀ ਹਕੂਮਤ ਵਿੱਚ ਇੰਝ ਨਹੀਂ ਹੋਵੇਗਾ ਜਿਵੇਂ ਹੁਣ ਹੁੰਦਾ ਹੈ ?'

'ਕੀ !'

'ਜਬਰ, ਸੀਨਾ ਜ਼ੋਰੀ, ਭਰਿਸ਼ਟਾਚਾਰ ?...... ਅਮੀਰ ਹੋਰ ਧਨੀ ਤੇ ਨਿਰਧਨ ਹੋਰ ਭੀ ਨਿਰਧਨ ਹੁੰਦਾ ਜਾ ਰਿਹਾ ਹੈ। ਅਖ਼ੀਰ ਇਹ ਕਦੋਂ ਤਕ ਇੰਝ ਚਲੇਗਾ।'

'ਪਰ ਹਾਲਾਤ ਕਿਵੇਂ ਬਦਲਣਗੇ ?' ਮੈਂ ਪੁਛਿਆ।

'ਅਸੀਂ ਬਦਲਾਂਗੇ ਤੁਸੀਂ ਬਦਲੋਗੇ।'

'ਅਸੀਂ ! ਮੈਂ ਹੈਰਾਨੀ ਨਾਲ ਪੁਛਿਆ।'

'ਘਾਟ ਹੈ ਤਾਂ ਠੀਕ ਤਰ੍ਹਾਂ ਦੇ ਪਰਚਾਰ ਦੀ, ਵਿਦਿਆ ਦੀ, ਲੋਕਾਂ ਨੂੰ ਜਾਗਰਤ ਕਰਨੀ ਦੀ' ਉਹ ਭਾਸ਼ਨ ਦੇਣ ਦੇ ਢੰਗ ਨਾਲ ਬੋਲ ਰਿਹਾ ਸੀ। ਤੇਰੇ ਵਿਚਾਰ ਵਿਚ...?,



Sri Satguru Jagjit Singh Ji Elibrary NamdhariElibrary@gmail.com

'ਅੱਛਾ ਚਾਹ ਪਾਏਗਾ' ਜਾਂ' ਉਸ ਨੇ ਮੇਰੀ ਗੱਲ ਟੋਕਦਿਆਂ ਆਖਿਆ।

'ਕੁਝ ਭੀ ਮੰਗਵਾ ਲੈ' ਮੈਂ ਜਵਾਬ ਦਿੱਤਾ।

ਉਸ ਨੇ ਆਵਾਜ਼ ਦਿੱਤੀ 'ਰਾਣੀ' ਤੇ ਉਹੀ ਕੁੜੀ ਜਿਸ ਨੇ ਦਰਵਾਜ਼ਾ ਖੋਲਿਆ ਸੀ ਅੰਦਰ ਆਈ ਤੇ ਬੋਲੀ ਜੀ ਸਰਦਾਰ ਜੀ।

'ਚਾਹ ਰੱਖ ਦੇ।'

'ਇਹ ਕੌਣ ਹੈ ? ਮੈਂ ਪੁਛਿਆ !

'ਤੈਨੂੰ ਪਤਾ ਲੱਗ ਹੀ ਗਿਆ ਹੈ ਕਿ ਮੈਂ ਬਾਹਿਰ ਰਹਿੰਦਾ ਹਾਂ ਮੇਰੀ ਤਰੀਮਤ ਸਕੂਲ ਤੁਰ ਜਾਂਦੀ ਹੈ। ਘਰ ਦਾ ਕੰਮ ਕਾਜ ਕਰਨ ਵਾਸਤੇ ਰੱਖ ਛੱਡੀ ਹੈ।'

'ਤਾਂ ਫਿਰ ਨੌਕਰ ਹੈ !'

'ਹਾਂ, ਇੰਝ ਹੀ ਸਮਝ ਲੈ। ਇਸ ਦੇ ਮਾਂ ਬਾਪ ਗਰੀਬ ਹਨ ਅਸੀਂ ਇਸ ਨੂੰ 10 ਰੁ: ਤੇ ਰੋਟੀ ਕਪੜਾ ਦੇਂਦੇ ਹਾਂ। ਬੱਚਿਆਂ ਦਾ ਖਿਆਲ ਰੱਖਦੀ ਹੈ ਤੇ ਕੁਝ ਉਪਰਲਾ ਕਮ ਕਾਜ......।'

'ਤੇਰੇ ਉਸ ਸਮਾਜ ਵਿਚ' ਮੈਂ ਪੁਛਿਆ' ਜਿਸ ਦੇ ਸੁਪਨੇ ਤੂੰ ਤਕਦਾ ਹੈਂ......ਜਿਸ ਦੀ ਪ੍ਰਾਪਤੀ ਵਾਸਤੇ ਤੂੰ ਕੰਮ ਕਰਦਾ ਹੈਂ...ਇਸ ਕੁੜੀ ਨੂੰ..."ਮੈਂ ਪਰਮਿੰਦਰ ਨੂੰ ਨੀਵਾਂ ਵਿਖਾਉਣਾ ਚਾਹੁੰਦਾ ਸਾਂ' "ਕਿਥੇ ਹੋਣਾ ਚਾਹੀਦਾ ਸੀ।"

ਉਹ ਕੁਝ ਚੌਂਕ ਪਿਆ ਤੇ ਬੋਲਿਆ, 'ਮੈਂ ਸਮਝਿਆ ਨਹੀਂ।'

'ਕੀ ਇਸ ਨੂੰ ਕਿਸੇ ਸਕੂਲ ਵਿਚ ਪੜ੍ਹਨਾ ਨਹੀਂ ਸੀ ਚਾਹੀਦਾ।'

"ਉਹ ਤਾਂ ਠੀਕ ਹੈ ਪਰ !'

ਏਨੇ ਨੂੰ ਅੰਦਰੋਂ ਬੱਚੇ ਦੇ ਰੋਣ ਦੀ ਆਵਾਜ਼ ਆਈ।

'ਰਾਣੀ ਕੀ ਗੱਲ ਹੈ' ਪਰਮਿੰਦਰ ਨੇ ਜਵਾਬ ਮਾਰੀ।

'ਕੁਝ ਨਹੀਂ ਸਰਦਾਰ ਜੀ।'

'ਕੁਝ ਤੇ ਹੈ।'

'ਐਵੇਂ ਜ਼ਿੱਦ ਕਰਦਾ ਹੈ, ਤੇ ਪਰਮਿੰਦਰ ਇਹ ਅਵਾਜ਼ ਸੁਣ ਕੇ ਅੰਦਰ ਚਲਾ ਗਿਆ। ਇਹ ਤਕੱਣ ਕਿ ਬੱਚਾ ਕਿਉਂ ਜ਼ਿੱਦ ਕਰ ਰਿਹਾ ਹੈ। ਤੇ ਮੈਂ ਸੋਚਣ ਲੱਗ ਪਿਆ।

'ਨਵੇਂ ਸਮਾਜ ਦੇ ਸੁਪਨੇ ਤਕਣ ਵਾਲਾ ਇਹ ਮਜ਼ਦੂਰਾਂ ਦਾ ਹਾਮੀ ਵੀ ਚੰਗੇ ਕਮਰਿਆ ਵਿਚ ਬੈਠ ਕੇ ਏਨੇ ਚੰਗੇ ਵਾਤਾਵਰਣ ਵਿਚ ਕਿਹਾ ਚੰਗਾ ਸੁਪਨ ਦੇਖ ਸਕਦਾ ਹੈ। ਇਕ ਸੋਹਣੇ ਸਮਾਜ ਦਾ ਸੁਪਨਾ ਜਿਥੇ ਕੋਈ ਅਮੀਰ ਨਹੀਂ ਹੋਵੇਗਾ ਤੇ ਨਾ ਕੋਈ ਗਰੀਬ। ਕੋਈ ਮਾਲਿਕ ਨਹੀਂ ਹੋਣ ਲਗਾ ਤੇ ਨਾ ਕੋਈ ਨੌਕਰ।

ਪਰਮਿੰਦਰ ਵਾਪਿਸ ਆ ਗਿਆ ਸੀ।

'ਕਿਉਂ ਕੀ ਸੀ' ਮੈਂ ਪੁਛਿਆ।

'ਐਵੇਂ ਇਹ ਕੁੜੀ ਬਚਿਆਂ ਨੂੰ ਤੰਗ ਕਰਦੀ ਹੈ।

'ਕਿਉਂ ?'

ਕੰਮ ਤੋਂ ਕਤਰਾਂਦੀ ਹੈ....ਜ਼ਰਾ ਕੁ ਕੰਮ ਕਹੋ...ਬਸ'

ਏਨੇ ਵਿਚ ਬੱਚੇ ਦੇ ਰੋਣ ਦੀ ਫਿਰ ਆਵਾਜ਼ ਆਈ।

ਪਰਮਿੰਦਰ ਨੇ ਆਵਾਜ਼ ਦਿਤੀ 'ਰਾਣੋ ਦੀ ਬੱਚੀ ! ਜਾਨ ਕਢ ਦੇਵਾਂਗਾ ਤੇਰੀ......' ਪਰਮਿੰਦਰ ਨੂੰ ਤੈਸ਼ ਆ ਰਹੀ ਸੀ ਤੇ ਉਹ ਉੱਚੀ ਆਵਾਜ਼ ਵਿਚ ਬੋਲ ਰਿਹਾ ਸੀ। ਮੈਨੂੰ ਇੰਝ ਲਗਾ, ਜਿਵੇਂ ਉਹ ਕਿਸੇ ਮਜ਼ਦੂਰਾਂ ਦੇ ਜਲਸੇ ਵਿਚ ਭਾਸ਼ਨ ਦੇ ਰਿਹਾ ਹੋਵੇ।

'ਦੋਸਤੋ ! ਮਿਲ ਮਾਲਿਕ ਤੁਹਾਨੂੰ ਇਵੇਂ ਹੀ ਤੰਗ ਕਰਦਾ ਹੈ। ਆਉ! ਇਕੱਠੇ ਹੋ ਜਾਈਏ। ਅਸੀਂ ਸਾਰੇ ਮਿਲ ਕੇ ਸਰਮਾਏਦਾਰੀ ਦਾ ਖ਼ਾਤਮਾ ਕਰ ਦੇਈਏ। ਨਾ ਕੋਈ ਮਾਲਿਕ ਹੋਵੇ ਤੇ ਨਾ ਕੋਈ ਨੌਕਰ।"

ਤੇ ਮੈਂ ਉਸ ਵਲ ਤੱਕਿਆਂ ਤੇ ਸੋਚਿਆ......ਤੇ ਹੁਣ ਵੀ ਜਦ ਕਦੇ ਉਹ ਘਟਨਾ ਮੈਨੂੰ ਯਾਦ ਆ ਜਾਂਦੀ ਹੈ। ਤੇ ਮੈਂ ਸੋਚਣ ਲੱਗ ਜਾਂਦਾ ਹਾਂ......।

ਸਾਡੀਆਂ ਗੱਲਾਂ ਤੇ ਅਮਲਾਂ ਵਿਚਕਾਰ ਕਿੰਨੀਆਂ ਵੱਡੀਆਂ ਵਲਗਣਾਂ ਹਨ। ਅਸੀਂ ਕਹਿੰਦੇ ਕੁਝ ਹਾਂ ਤੇ ਕਰਦੇ ਕੁਝ ਹਾਂ।

ਇਹ ਅੰਤਰ ਕਿਉਂ ! ਇਹ ਵਤਗਣ ਕਿਵੇਂ ! 'ਰਾਣੀ ਦੀ ਥਾਂ ਸਕੂਲ ਸੀ ਜਾਂ ਪਰਮਿੰਦਰ ਦਾ ਘਰ। ਉਨ੍ਹਾਂ ਦਾ ਮਾਲਿਕ।

ਪਰਮਿੰਦਰ ਜਿਹੜਾ ਨਵਾਂ ਸੰਸਾਰ ਬਨਾਉਣਾ ਚਾਹੁੰਦਾ ਸੀ —ਉਸੇ ਸਮਾਜ ਦੇ ਰਾਹ ਵਿਚ ਆਪ ਹੀ ਇਕ ਬਹੁਤ ਵੱਡੀ ਵਲਗਣ ਬਣਿਆ ਖੜਾ ਸੀ.....ਤੇ ਮੈਂ ਸੋਚਣ ਲੱਗ ਜਾਂਦਾ ਹਾਂ, ਤੇ ਮੈਂ ਸੋਚ ਰਿਹਾ ਹਾਂ।



Sri Satguru Jagjit Singh Ji Elibrary NamdhariElibrary@gmail.com

ਕਹਾਣੀ

# ਨਿਕੀ

—ਕੰਵਲਜੀਤ ਭੁਲੱਰ

ਉਸ ਦਾ ਜੀਅ ਅੱਜ ਖੁਸ਼ੀ 'ਚ ਚੀਕਾਂ ਮਾਰਨ ਨੂੰ ਕਰ ਰਿਹਾ ਸੀ। ਉਹ ਅੱਜ ਏਨਾ ਖੁਸ਼ ਸੀ ਕਿ ਉਸਦਾ ਜੀਅ ਕਰਦਾ ਕਿ ਬਸ ਉਚੀ ਉਚੀ ਹੱਸੀ ਜਾਵੇ। ਉਸ ਨੂੰ ਕੋਈ ਰੋਕਣ ਟੋਕਣ ਵਾਲਾ ਨਾ ਹੋਵੇ। ਉਸਦੀ ਖੁਸ਼ੀ ਅੱਜ ਬੱਦਲਾਂ ਵਾਂਗੂੰ ਗਰਜਣਾ ਚਾਹੁੰਦੀ ਸੀ ਤੇ ਮੀਂਹ ਵਾਂਗੂੰ ਵਰ੍ਹਣਾ ਚਾਹੁੰਦੀ ਸੀ। ਉਹ ਕਦੀ ਰਿਸਾਲੇ ਨੂੰ ਚੁੱਕ ਲੈਂਦਾ ਤੇ ਕਦੀ ਰੱਖ ਦਿੰਦਾ, ਕਦੀ ਫਰੋਲਣ ਲੱਗ ਪੈਂਦਾ ਤੇ ਕਦੀ ਬੰਦ ਕਰਕੇ ਉਸਨੂੰ ਤੱਕਣ ਲਗ ਪੈਂਦਾ ਕਿਉਂਕਿ ਅੱਜ ਉਸਦੀ ਉਸ ਰਿਸਾਲੇ ਵਿੱਚ ਕਹਾਣੀ ਛੱਪ ਗਈ ਸੀ। ਹਾਂ! ਜੀਤ ਦੀ ਅੱਜ ਉਹ ਕਹਾਣੀ ਛੱਪ ਗਈ ਸੀ ਜੋ ਕਿ ਉਸਦੀ ਆਪਣੀ ਸਹਿਪਾਠਣ ਨਿੱਕੀ ਨੂੰ ਸਮਰਪਤ ਸੀ। ਉਸਨੇ ਆਪਣੀ ਕਹਾਣੀ ਦਾ ਨਾਂ ਵੀ ਨਿੱਕੀ ਹੀ ਰਖਿਆ ਸੀ।

ਉਹ ਦਬਾ ਦਬ ਤਿਆਰ ਹੋਕੇ ਬਸ ਅੱਡੇ ਵੱਲ ਨੂੰ ਤੁਰ ਪਿਆ ਕਿਉਂਕਿ ਅੱਜ ਉਹ ਪਟਿਆਲੇ ਜਾਕੇ ਨਿੱਕੀ ਨੂੰ ਖੁਦ ਉਹ ਰਿਸਾਲਾ ਅਰਪਣ ਕਰਨਾ ਚਾਹੁੰਦਾ ਸੀ ਜਿਸ ਵਿਚ ਉਸਦੇ ਅਰਮਾਨਾਂ'ਸਫਲਤਾ ਮਿਲਣ ਦਾ ਸਬੂਤ ਦੇ ਰਹੇ ਸਨ। ਅੱਡੇ ਤੇ ਜਾਕੇ ਉਹ ਧੁਰ ਪਟਿਆਲੇ ਦੀ ਬੱਸ ਵਿਚ ਬਹਿ ਗਿਆ। ਬੱਸ ਚੱਲਣ ਵਿਚ ਕੁਝ ਦੇਰ ਸੀ, ਇਸ ਲਈ ਉਹਦਾ ਮਨ ਕਾਹਲਾ ਕਾਹਲਾ ਪੈ ਰਿਹਾ ਸੀ। ਉਹ ਘੜੀ-ਮੁੜੀ ਥਲੇ ਖੜੋਤੇ ਕੰਡਕਟਰ ਨੂੰ ਪੁੱਛਦਾ ਕਿ ਬਸ ਕਦੋਂ ਕੁ ਚੱਲੇਗੀ ਤੇ ਕੰਡਕਟਰ ਏਨਾ ਹੀ ਕਹਿ ਛੱਡਦਾ, "ਪੰਜਾਂ ਕੁ ਮਿੰਟਾਂ ਨੂੰ ਚਲ ਪੈਣਾ।"

ਜੀਤ ਬੇਚੈਨੀ ਜਿਹੀ ਨਾਲ ਕਦੀ ਬਹਿੰਦਾ ਕਦੀ ਉੱਠਦਾ ਤੇ ਕਦੀ ਫੇਰ ਰਿਸਾਲਾ ਫਰੋਲਕੇ ਆਪਣੇ ਨਾਂ ਹੇਠ ਛਪੀ ਕਹਾਣੀ ਤਕਣ ਲਗ ਪੈਂਦਾ। ਜੀਤ ਕਹਾਣੀ ਨੂੰ ਇੰਜ ਦੇਖਦਾ ਜਿਵੇਂ ਉਹ ਮਿਟਦੀ ਜਾ ਰਹੀ ਹੋਵੇ ਜਾਂ ਉਸਨੂੰ ਕਦੀ ਕਦੀ ਵਿਸ਼ਵਾਸ ਹੀ ਨਾ ਹੁੰਦਾ ਕਿ ਇਹ ਉਸਦੀ ਕਹਾਣੀ ਹੈ ਜੋ ਛਪ ਗਈ ਪਰ ਉਸਦੀ ਨਜ਼ਰ ਆਪਣੇ ਨਾਂ ਦਾ ਇਕ ਇਕ ਅਖਰ ਪੜ੍ਹਦੀ ਤਾਂ ਉਸਦਾ ਦਿਲ ਉਛਾਲੇ ਖਾਣ ਲਗ ਪੈਂਦਾ ਤੇ ਫੇਰ ਨਿੱਕੀ ਦੀ ਯਾਦ ਆਉਂਦਿਆਂ ਹੀ ਉਸਦੇ ਬੁਲ੍ਹਾਂ ਤੇ ਮੁਸ਼ਕਰਾਹਟ ਖੇਡਦੀ ਖੇਡਦੀ ਸਾਰੇ ਸ਼ਰੀਰ ਨੂੰ ਲੂਈਂ ਕੰਡੇ ਕਰ ਜਾਂਦੀ।

'ਨਿੱਕੀ ਕਹਾਣੀ ਵੇਖਕੇ ਬਹੁਤ ਖੁਸ਼ ਹੋਏਗੀ।" ਜੀਤ ਦੇ ਏਦਾਂ ਦੇ ਹੀ ਕੁਝ ਕੁ ਖਿਆਲ ਨਿੱਕੀ ਦੀ ਖੁਸ਼ੀ ਦਾ ਅੰਦਾਜ਼ਾ ਲਗਾਉਣ ਲੱਗ ਪੈਂਦੇ ਤੇ ਜੀਤ ਨੂੰ ਚੇਤੇ ਆ ਗਿਆ ਉਹ ਦਿਨ ਜਿਸ ਦਿਨ ਉਹਨੇ ਨਿੱਕੀ ਨੂੰ ਕਿਹਾ ਸੀ, 'ਨਿੱਕੀਏ ਜੇ ਕਲਮ ਨੇ ਸਾਥ ਦਿਤਾ ਤਾਂ ਮੈਂ ਤੇਰੇ ਨਾਂ ਤੇ ਇਕ ਕਹਾਣੀ ਲਿਖੂੰ।"

"ਜਾਣ ਦੇ ਜੀਤ ਕੌਣ ਕਿਸੇ ਤੇ ਕਹਾਣੀ ਲਿਖਦੈ ਨਾਲੇ ਤੂੰ ਤਾਂ ਆਪਣੀ ਜ਼ਿੰਦਗੀ ਦੇ ਆਲੇ ਦੁਆਲੇ ਹੀ ਹੀ ਕਹਾਣੀਆਂ ਲਿਖਦਾ ਰਹਿਨੈਂ। ਨਿਕੀ ਨੇ ਮੱਥੇ ਤੇ ਉੱਲਰ ਆਈ ਜ਼ੁਲਫ਼ ਸੰਵਾਰਦਿਆ ਕਿਹਾ ਸੀ।

"ਪਰ ਤੂੰ ਤਾਂ ਮੇਰੀ ਜ਼ਿੰਦਗੀ ਦੇ ਆਲੇ ਦੁਆਲੇ ਨਹੀਂ ਸਗੋਂ ਮੇਰੀ ਜ਼ਿੰਦਗੀ ਦੇ ਵਿਚ ਦੀ ਬੋਚ ਬੋਚਕੇ ਪੈਰ ਧਰਦੀ ਲੰਘੀ ਏਂ, ਭਲਾ ਤੈਨੂੰ ਕਿਵੇਂ ਭੁਲਾਕੇ ਮੈਂ ।" ਪਰ ਜੀਤ ਦੀ ਗਲ ਵਿਚੋਂ ਹੀ ਕੱਟਦਿਆਂ ਨਿੱਕੀ ਬੋਲ ਉਠੀ ਸੀ, "ਪਰ ਜੇ ਉਹ ਪੈਰਾਂ ਦੇ ਨਿਸ਼ਾਨ ਹਵਾ ਦੇ ਇਕ ਬੁੱਲੇ ਨਾਲ ਮਿਟ ਗਏ ?"

"ਨਿੱਕੀਏ! ਮੇਰੀ ਜ਼ਿੰਦਗੀ ਕੋਈ ਮਾਰੂਥਲ ਨਹੀਂ ਜਿਸਤੇ ਲਗੇ ਪੈਰਾਂ ਦੇ ਨਿਸ਼ਾਨ ਹਵਾ ਦੇ ਇਕ ਬੁੱਲੇ ਨਾਲ ਹੀ ਅਲੋਪ ਹੋ ਜਾਣ। ਨਾਲੇ ਯਾਦ ਰੱਖੀਂ ਮੈਂ ਇਨ੍ਹਾਂ ਨਿਸ਼ਾਨਾਂ ਨੂੰ ਅੱਖਰਾਂ ਦਾ ਰੂਪ ਦੇ ਕੇ ਆਪਣੀ ਕਹਾਣੀ 'ਚ ਲਿਖਾਂਗਾ ਤੇ ਮੇਰੀ ਕਹਾਣੀ ਦੀ ਮੁੱਖ ਪਾਤਰ ਨਿੱਕੀ ਹੀ ਹੋਵੇਗੀ।" ਜੀਤ ਨੇ ਜਿਵੇਂ ਕਸਮ ਖਾ ਲਈ ਸੀ ਕਿ ਉਹ ਕਹਾਣੀ ਜ਼ਰੂਰ ਲਿਖੇਗਾ ਪਰ ਨਿੱਕੀ ਨੇ ਫੇਰ ਕਹਿ ਦਿੱਤਾ ਸੀ, ਵੇਖਾਂਗੇ।'



Sri Satguru Jagjit Singh Ji Elibrary NamdhariElibrary@gmail.com

ਬੱਸ ਚਲ ਪਈ ਸੀ ਤੇ ਜੀਤ ਹੋਰ ਉਤਾਵਲਾ ਹੋ ਗਿਆ ਸੀ। ਜੀਤ ਚਾਹੁੰਦਾ ਸੀ ਕਿ ਜਿੰਨੀ ਛੇਤੀ ਹੋ ਸਕੇ ਓਨੀ ਛੇਤੀ ਹੀ ਉਹ ਨਿੱਕੀ ਨੂੰ ਵਿਖਾ ਦੇਵੇ ਕਿ ਉਸਨੇ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ। ਜੀਤ ਉੱਠਕੇ ਸਭ ਤੋਂ ਅਗਲੀ ਸੀਟ ਤੇ ਡਰਾਈਵਰ ਦੇ ਬਰਾਬਰ ਹੋ ਕੇ ਬਹਿ ਗਿਆ। ਸਵਾਰੀਆਂ ਘਟ ਹੋਣ ਕਰਕੇ ਉਹ ਸੀਟ ਹਾਲੇ ਖਾਲੀ ਸੀ। ਜੀਤ ਕਦੀ ਤਾਂ ਵਕਤ ਵਾਂਗੂੰ ਭਜ ਰਹੀ ਸੜਕ ਵਲ ਵੇਖਣ ਲੱਗ ਪੈਂਦਾ ਜੋ ਕਿ ਬਸ ਦੇ ਥਾਨੇ ਵੜ ਵੜਕੇ ਪਤਾ ਨਹੀਂ ਕਿਥੇ ਅਲੋਪ ਹੋ ਰਹੀ ਸੀ ਤੇ ਕਦੀ ਡਰਾਈਵਰ ਵਲ ਵੇਖਣ ਲਗ ਪੈਂਦਾ। ਜੀਤ ਨੂੰ ਜਾਪਦਾ ਜਿਵੇਂ ਡਰਾਈਵਰ ਜਾਣ ਬੁੱਝਕੇ ਬਸ ਹੌਲੀ ਚਲਾ ਰਿਹਾ ਹੋਵੇ ਪਰ ਉਹ ਕੁਝ ਬੋਲਣ ਦੀ ਥਾਂ ਡਰਾਈਵਰ ਦਾ ਇਹ ਜ਼ੁਲਮ ਵੀ ਮੁਸਕਰਾ ਕੇ ਸਹਿੰਦਾ ਰਿਹਾ। ਕੁਝ ਕੁ ਪਲਾਂ ਬਾਦ ਉਸਦੇ ਕੰਨਾਂ ਵਿਚ 'ਟਿਕ-ਟਿਕ' ਦੀ ਆਵਾਜ਼ ਪਈ। ਉਸਨੇ ਤਕਿਆ ਕੰਡਕਟਰ ਪਿਛਲੀ ਸੀਟ ਤੇ ਬੈਠੀਆਂ ਸਵਾਰੀਆਂ ਦੀਆ ਟਿਕਟਾਂ ਕਟ ਰਿਹਾ ਸੀ। ਉਸਨੇ ਵੀ ਪੈਸੇ ਕਢਕੇ ਹੱਥ ਵਿੱਚ ਫੜ ਲਏ। ਕੰਡਕਟਰ ਆਇਆ ਟਿਕਟਾਂ ਕਟਕੇ ਦੇਕੇ ਚਲਾ ਗਿਆ।

ਜੀਤ ਫੇਰ ਉਹ ਕਹਾਣੀ ਕੱਢਕੇ ਬਹਿ ਗਿਆ ਤੇ ਇਕ ਮੁਸਕਰਾਹਟ ਪਤਾ ਨਹੀਂ ਕਿਥੋਂ ਆਕੇ ਉਸਦੇ ਬੁਲ੍ਹਾਂ ਉਪਰ ਖੇਡਣ ਲੱਗ ਪਈ। ਓਦਾਂ ਵੇਖਨ ਨੂੰ ਤਾਂ ਜੀਤ ਕਹਾਣੀ ਪੜ੍ਹ ਰਿਹਾ ਸੀ ਪਰ ਉਸਦੀਆਂ ਅੱਖਾਂ ਕਹਾਣੀ ਦੇ ਅੱਖਰਾਂ ਤੇ ਨਹੀਂ ਸਨ ਫਿਰ ਰਹੀਆਂ ਸਗੋਂ ਕਹਾਣੀ ਦੇ ਅੱਖਰ ਕਿਸੇ ਧੁੰਦਲੀ ਜਿਹੀ ਯਾਦ ਤੋਂ ਗਰਦ ਝਾੜਦੇ ਹੋਏ ਉਸ ਦੀਆਂ ਅੱਖਾਂ 'ਚ ਸਮਾ ਰਹੇ ਸਨ ਤੇ ਉਹ ਅਖਰ ਅੱਖਾਂ 'ਚ ਸਮਾ ਸਮਾਕੇ ਇਕ ਤਸਵੀਰ ਦਾ ਰੂਪ ਧਾਰਨ ਕਰ ਰਹੇ ਸਨ। ਜੀਤ ਵੀ ਉਸ ਤਸਵੀਰ ਵਿਚ ਗੁਆਚਦਾ ਜਾ ਰਿਹਾ ਸੀ। ਜੀਤ ਨੇ ਵੇਖਿਆ ਕਿ ਓਦੋਂ ਸ਼ੁਰੂ ਸਿਆਲ ਦੇ ਦਿਨ ਸਨ। ਉਹ ਕੰਟੀਨ ਦੇ ਬਗੀਚੇ ਵਿਚ ਧੁੱਪੇ ਬੈਠਾ ਸੀਆ ਸੇਕ ਰਿਹਾ ਸੀ। ਓਦਣ ਉਹ ਇੱਕਲਾ ਬੈਠਾ ਸ਼ਾਇਦ ਕਿਸੇ ਕਹਾਣੀ ਦੇ ਤਾਣੇ ਬਾਣੇ ਬੁਣ ਰਿਹਾ ਸੀ। ਉਸਦੀ ਕਹਾਣੀ ਦੀ ਓਦੋਂ ਤਾਣੀ ਹੀ ਉਲਝ ਗਈ ਜਦੋਂ ਇਕ ਸੁਰੀਲੀ ਆਵਾਜ਼ ਨੇ ਉਸਦੀ ਇੱਕਲਤਾ ਨੂੰ ਚੂਰ ਚੂਰ ਕਰ ਦਿਤਾ ਸੀ।

"ਲਗਦੈ ਕਿਸੇ ਕਹਾਣੀ ਦਾ ਪਲਾਟ ਬਣ ਰਿਹੈ।" ਨਿੱਕੀ ਨੇ ਕੋਲ ਬਹਿੰਦਿਆਂ ਕਿਹਾ ਸੀ।

"ਹਾਂ ਕਹਾਣੀ ਦਾ ਪਲਾਟ ਬਣਾਕੇ ਕਹਾਣੀ ਤਾਂ ਲਿਖ ਲਈਦੀ ਏ ਪਰ 'ਤਕਦੀਰ ਦਾ ਪਲਾਟ ਬਣਾਕੇ ਕਦੀ ਤਕਦੀਰ ਨਹੀਂ ਲਿਖੀ ਗਈ।' ਜੀਤ ਇਹ ਹਾਲੇ ਕਹਿਣ ਨੂੰ ਤਾਂ ਕਹਿ ਗਿਆ ਸੀ ਪਰ ਉਸਨੂੰ ਇਹ ਅਹਿਸਾਸ ਮਗਰੋਂ ਹੋਇਆ ਕਿ ਇਹ ਗਲ ਕਹਿਣ ਦਾ ਇਥੇ ਕੋਈ ਮਕਸਦ ਹੀ ਨਹੀਂ ਸੀ। ਤੇ ਨਾ ਹੀ ਨਿੱਕੀ ਨੂੰ ਇਸ ਨਾਲ ਕੋਈ ਮਤਲਬ ਸੀ। ਇਹ ਜੀਤ ਦੇ ਆਪਣੇ ਖਿਆਲ ਸਨ ਪਰ ਨਿੱਕੀ ਨੂੰ ਜੀਤ ਦੇ ਇਹ ਬੋਲ ਟੁੰਭ ਗਏ ਸਨ। ਉਸ ਦਿਨ ਤੋਂ ਬਾਦ ਨਿੱਕੀ ਜੀਤ ਨੂੰ ਮਿਲਕੇ ਉਸ ਨਾਲ ਕਿੰਨਾ ਚਿਰ ਗੱਲਾਂ ਮਾਰਦੀ ਰਹਿੰਦੀ ਤੇ ਜੀਤ ਵੀ ਸਿਵਾਏ ਨਿੱਕੀ ਤੋਂ ਘਟ ਵਧ ਹੀ ਕਿਸੇ ਨਾਲ ਕਰਦਾ। ਜਦੋਂ ਕਿਤੇ ਵੀ ਜੀਤ ਉਦਾਸ ਬੈਠਾ ਹੁੰਦਾ ਤਾਂ ਪਤਾ ਨਹੀਂ ਨਿੱਕੀ ਦੇ ਦਿਲ ਨੂੰ ਕਿਉਂ ਹੌਲ ਪੈਣ ਲੱਗ ਪੈਂਦੇ ਤੇ ਉਹ ਵੀ ਉਦਾਸ ਜਿਹੀ ਹੋ ਜਾਂਦੀ।

ਜੀਤ ਹੌਲੀ ਹੌਲੀ ਕਾਲਜ ਵਿਚ ਲੇਖਕ ਦੇ ਰੂਪ ਵਿਚ ਮਸ਼ਹੂਰ ਹੋ ਗਿਆ। ਉਹ ਕਾਲਜ ਦੇ ਮੈਗਜ਼ੀਨ ਦਾ ਵਿਦਿਆਰਥੀ ਸੰਪਾਦਕ ਬਨ ਗਿਆ। ਆਖਿਰੀ ਦੋ ਮਹੀਨਿਆਂ ਵਿੱਚ ਤਾਂ ਜੀਤ ਆਪਣੇ ਸਹਿਪਾਠੀਆਂ ਨਾਲ ਵੀ ਵਾਹਵਾ ਘੁਲ ਮਿਲਕੇ ਗੱਲਾਂ ਕਰਨ ਲਗ ਪਿਆ ਸੀ। ਜਿਥੇ ਵੀ ਜੀਤ ਤੇ ਉਸਦੇ ਯਾਰ ਖੜੋਤੇ ਹੁੰਦੇ ਉਥੇ ਹੀ ਖੁਸ਼ੀ ਦੇ ਕਹਿਕਹੇ ਲਗ ਰਹੇ ਹੁੰਦੇ ਤੇ ਜੀਤ ਨੂੰ ਇਸ ਤਰ੍ਹਾਂ ਹੱਸਦਿਆਂ ਵੇਖਕੇ ਨਿੱਕੀ ਦੀ ਖੁਸ਼ੀ ਦਾ ਠਿਕਾਣਾ ਨਾ ਰਹਿੰਦਾ। ਉਹ ਤਾਂ ਚਾਹੁੰਦੀ ਹੀ ਸੀ ਕਿ ਜੀਤ ਏਦਾਂ ਹੀ ਸਾਰੀ ਜ਼ਿੰਦਗੀ ਹਸਦਾ ਰਹੇ।

ਇਕ ਦਿਨ ਕਲਾਸ ਚੋਂ ਬਾਹਰ ਆਉਂਦਿਆਂ ਨਿੱਕੀ ਨੇ ਜੀਤ ਨੂੰ ਉਹ ਕਿਤਾਬ ਵਾਪਿਸ ਕੀਤੀ ਸੀ ਜੋ ਉਸਨੇ ਜੀਤ ਕੋਲੋਂ ਪੜ੍ਹਣ ਵਾਸਤੇ ਲਈ ਸੀ। ਜੀਤ ਕਿਤਾਬ ਫੜਕੇ ਬਗੀਚੇ ਵਿਚ ਜਾ ਬੈਠਾ। ਤੇ ਐਵੇਂ ਬੇ-ਇਰਾਦੇ ਜਿਹੇ ਨਾਲ ਕਿਤਾਬ ਦੇ ਵਰਕੇ ਫਰੋਲਣ ਲਗ ਪਿਆ ਸੀ ਅਚਾਨਕ



Sri Satguru Jagjit Singh Ji Elibrary NamdhariElibrary@gmail.com

ਕਿਤਾਬ ਵਿਚੋਂ ਉਸਨੂੰ ਇਕ ਤਹਿ ਕੀਤਾ ਹੋਇਆ ਕਾਗਜ ਮਿਲਿਆ ਸੀ ਤੇ ਉਸ ਕਾਗਜ਼ ਉੱਪਰ ਲਿਖੇ ਹੋਏ ਸ਼ਬਦ ਜੀਤ ਦੇ ਧੁਰ ਅੰਦਰ ਤਾਂਈਂ ਲਹਿੰਦੇ ਚਲੇ ਗਏ ਸੀ। ਉਸਨੂੰ ਇੰਜ ਜਾਪਣ ਲਗਾ ਸੀ ਜਿਵੇਂ ਨਿੱਕੀ ਉਸਦੇ ਸਾਹਮਣੇ ਖੜੋਤੀ ਹੀ ਕਹਿ ਰਹੀ ਹੋਵੇ, "ਜੀਤ ! ਮੈਂ ਤਾਂ ਸ਼ਾਰੀਓਂ ਹੀ ਤੇਰੀ ਹਾਂ ਤੇ ਤੇਰੀ ਹੀ ਰਹਾਂਗੀ ਤੇ ਸ਼ਾਇਦ ਰੱਬ ਨੇ ਮੈਨੂੰ ਬਣਾਇਆ ਹੀ ਤੇਰੇ ਲਈ ਹੈ।"

ਬਸ ਹੁਣ ਪਟਿਆਲੇ ਸ਼ਹਿਰ ਦੀ ਹੱਦ ਲੰਘ ਆਈ ਸੀ ਤੇ ਜੀਤ ਦੇ ਖਿਆਲਾਂ ਦੀ ਤਸਵੀਰ ਵੀ ਹੁਣ ਟੁੱਟਕੇ ਖਿੰਡ ਗਈ ਸੀ। ਜਦੋਂ ਬਸ ਦੁੱਖ ਨਿਵਾਰਣ ਗੁਰਦੁਆਰੇ ਕੋਲ ਦੀ ਲੰਘੀ ਤਾਂ ਜੀਤ ਨੇ ਸਿਰ ਨਿਵਾਕੇ ਅਰਦਾਸ ਕੀਤੀ ਕਿ ਕਿੰਨਾ ਚੰਗਾ ਹੋਵੇ ਜੇ ਨਿੱਕੀ ਉਸਨੂੰ ਅੱਡੇ ਤੇ ਕੁਦਰਤੀ ਹੀ ਮਿਲ ਪਵੇ। ਬਸ ਹੌਲੀ ਹੌਲੀ ਅੱਡੇ 'ਚ ਜਾਕੇ ਰੁਕ ਗਈ। ਜੀਤ ਬਸ ਤੋਂ ਉੱਤਰਕੇ ਆਲਾ ਦੁਆਲਾ ਤੱਕ ਹੀ ਰਿਹਾ ਸੀ ਕਿ ਉਸਦੀ ਨਜ਼ਰ ਇਕ ਨਵ-ਵਿਆਹੀ ਕੁੜੀ ਤੇ ਪਈ ਤੇ ਉਸ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਹੀ ਰਹਿ ਗਈਆਂ। ਉਹ ਕੁੜੀ ਕੋਈ ਹੋਰ ਨਹੀਂ ਸੀ, ਉਹ ਨਿੱਕੀ ਹੀ ਸੀ। ਨਿਕੀ ਦਾ ਇਹ ਰੂਪ ਵੇਖਕੇ ਜੀਤ ਦੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਹੀ ਖਿਸਕ ਗਈ ਹੋਵੇ। ਨਿੱਕੀ ਸੂਹੀ ਸਾੜੀ ਬੰਨ੍ਹੀ ਤੇ ਵਾਲਾਂ ਦੇ ਚੀਰ 'ਚ ਸੰਧੂਰ ਪਾਈ ਆਪਣੇ ਜੀਵਨ ਸਾਥੀ ਨਾਲ ਹੱਸ ਹੱਸ ਕੇ ਗਲਾਂ ਕਰ ਰਹੀ ਸੀ। ਜੀਤ ਨੂੰ ਜਾਪਿਆ ਜਿਵੇਂ ਉਸਦੀ ਕਹਾਣੀ ਦਾ ਕਤਲ ਹੋ ਗਿਆ ਹੋਵੇ ਤੇ ਕਹਾਣੀ ਦੇ ਲਹੂ ਨਾਲ ਹੀ ਕਿਸੇ ਨੇ ਨਿੱਕੀ ਦੀ ਮੰਗ ਵਿਚ ਸਿੰਧੂਰ ਭਰ ਦਿਤਾ ਹੋਵੇ। ਨਿੱਕੀ ਦੀ ਵੀ ਹਸਦੀ ਹਸਦੀ ਦੀ ਨਜ਼ਰ ਜੀਤ ਉਪਰ ਪਈ ਤੇ ਉਸਦਾ ਹਾਸਾ ਵੀ ਅਲੋਪ ਹੋ ਗਿਆ। ਇੰਜ ਜਾਪਣ ਲਗਾ ਜਿਵੇਂ ਉਹ ਕਦੀ ਹੱਸੀ ਨਾ ਹੋਵੇ ਪਰ ਨਿੱਕੀ ਦੇ ਮੁੱਖ ਤੇ ਖਾਮੋਸ਼ੀ ਕੁਝ ਪਲ ਹੀ ਰਹੀ ਤੇ ਉਹ ਫੇਰ ਆਪਣੇ ਸਾਥੀ ਨਾਲ ਗਲੀਂ ਰੁਝ ਗਈ। ਜੀਤ ਦੇ ਦਿਲ ਨੂੰ ਇਕ ਠੇਸ ਜਿਹੀ ਵਜੀ ਤੇ ਜੀਤ ਨੂੰ ਕਾਲਜ ਦਾ ਉਹ ਦਿਨ ਯਾਦ ਆਇਆ ਜਦੋਂ ਨਿੱਕੀ ਨੇ ਇਕ ਦਿਨ ਜੀਤ ਤੋਂ ਪੁੱਛਿਆ ਸੀ :

"ਜੀਤ ਕੀ ਤੂੰ ਏਦਾਂ ਦਾ ਹੀ ਰਹੇਂਗਾ ਜਾਂ ਬਦਲ ਜਾਏਂਗਾ" ਤੇ ਜੀਤ ਬੜਾ ਚਿਰ ਉਸ ਵਲ ਵਿੰਹਦਾ ਰਿਹਾ ਸੀ ਤੇ ਫੇਰ ਉਸਨੇ ਏਨਾ ਜੁਆਬ ਦਿਤਾ ਸੀ, 'ਇਨਸਾਨ ਕਦੀ ਨਹੀਂ ਬਦਲਦਾ ਬਸ਼ਰਤੇ ਪਰਿਸਥਿਤੀਆਂ ਉਸਨੂੰ ਬਦਲਣ ਲਈ ਮਜਬੂਰ ਨਾ ਕਰ ਦੇਣ।"

"ਕਿਤੇ ਇਹ ਨਾ ਹੋਵੇ ਕਿ ਜ਼ਿੰਦਗੀ ਦੇ ਕਿਸੇ ਮੋੜ ਤੇ ਮੈਂ ਤੈਨੂੰ ਮਿਲਾਂ ਤੇ ਤੂੰ ਨਜ਼ਰਾਂ ਫੇਰ ਲਵੇਂ, ਬੁਲਾਵੇਂ ਵੀ ਨਾ।" ਨਿੱਕੀ ਨੇ ਜੀਤ ਦਾ ਹੱਥ ਫੜਕੇ ਉਸ ਦੀਆਂ ਉਂਗਲਾਂ ਨਾਲ ਖੇਡਦਿਆਂ ਕਿਹਾ ਸੀ।

'ਨਹੀਂ ਨਿੱਕੀ ਇਹ ਕਦੀ ਨਹੀਂ ਹੋ ਸਕਦੇ।' ਜੀਤ ਨੇ ਜੁਆਬ ਵਿਚ ਆਖਿਆ ਸੀ। ਤੇ ਹੁਣ ਜੀਤ ਦਾ ਦਿਲ ਕਰ ਰਿਹਾ ਸੀ ਕਿ ਉਹ ਨਿੱਕੀ ਨੂੰ ਪੁੱਛੇ, "ਨਿੱਕੀ ਵੇਖਿਆ ਮੈਂ ਨਹੀਂ ਬਦਲਿਆ ਸਗੋਂ ਪਰਿਸਥਿਤੀਆਂ ਨੇ ਤੈਨੂੰ ਬਦਲ ਦਿਤਾ ਏ ਤੇ ਜ਼ਿੰਦਗੀ ਦੇ ਇਸ ਮੋੜ ਤੇ ਆਕੇ ਜਦ ਮੈਂ ਤੈਨੂੰ ਮਿਲਿਆ ਹਾਂ ਤਾਂ ਤੂੰ ਨਜ਼ਰਾਂ ਫੇਰ ਲਈਆਂ, ਬੁਲਾਇਆ ਵੀ ਨਹੀਂ।" ਪਰ ਜੀਤ ਦੀ ਹਰ ਸਧਰ ਅੰਦਰੋਂ ਅੰਦਰ ਉਬਲਕੇ ਰਹਿ ਗਈ। ਉਸਦਾ ਸਿਰ ਚਕਰ ਉਣ ਲਗ ਪਿਆ। ਉਸ ਦੀਆਂ ਅੱਖਾਂ 'ਚ ਹੰਝੂ ਭਰ ਆਏ। ਉਸਨੇ ਰਿਸਾਲਾ ਫਰੋਲਕੇ ਆਖਿਰੀ ਵਾਰ ਉਸ ਕਹਾਣੀ ਨੂੰ ਪੜ੍ਹਣਾ ਚਾਹਿਆ ਪਰ ਅੱਖਾਂ 'ਚ ਹੰਝੂ ਹੋਣ ਕਰਕੇ ਉਹ ਕੁਝ ਵੀ ਨਾ ਪੜ੍ਹ ਸਕਿਆ ਤੇ ਉਸ ਵਿਚ ਏਨੀ ਹਿੰਮਤ ਵੀ ਨਹੀਂ ਸੀ ਬਚੀ ਕਿ ਹੰਝੂ ਪੂੰਝ ਲੈਂਦਾ। ਅਚ ਨਕ ਉਸਦੇ ਹੱਥਾਂ ਨੇ ਹਰਕਤ ਵਿਚ ਆਕੇ ਉਸ ਰਿਸਾਲੇ ਦੇ ਕਈ ਟੁਕੜੇ ਕਰ ਦਿਤੇ ਤੇ ਉਥੇ ਹੀ ਖਿਲਾਰਕੇ ਉਹ ਵਾਪਿਸ ਜਲੰਧਰ ਦੀ ਬਸ ਵਿਚ ਆ ਬੈਠਾ। ਨਿਕੀ ਬਾਹਰ ਖੜੋਤੀ ਰਿਸਾਲੇ ਦੇ ਉਡ ਰਹੇ ਟੁਕੜਿਆਂ ਵਲ ਵੇਖਦੀ ਰਹੀ ਤੇ ਜੀਤ ਬਸ 'ਚ ਬੈਠਾ ਰਿਸਾਲੇ ਦੇ ਟੁਕੜਿਆਂ ਦੇ ਮਗਰ ਭਜਦੀਆਂ ਨਿੱਕੀ ਦੀਆਂ ਨਜ਼ਰਾਂ ਵਲ ਤਕ ਰਿਹਾ ਸੀ।

ਪਿੰਡ : ਵਜ਼ੀਰ ਭੁੱਲਰ
ਡਾਕਖਾਨਾ : ਬਿਆਸ
(ਅੰਮ੍ਰਿਤਸਰ)



Sri Satguru Jagjit Singh Ji Elibrary NamdhariElibrary@gmail.com

ਚੌਗਿਰਦ ਹਮਾਰੇ

# ਡਾਲਟੰਨ ਗੰਜ

—ਜਗਦੀਸ਼ ਸਿੰਘ

ਬਿਹਾਰ ਸੂਬੇ ਵਿਚ ਇਕ ਜਗਹ ਹੈ ਛੋਟਾ ਨਾਗਪੁਰ। ਇਕ ਨਾਗਪੁਰ ਤਾਂ ਮਹਾਰਾਸ਼ਟਰ ਦਾ ਪ੍ਰਸਿਧ ਸ਼ਹਿਰ ਹੈ। ਪਰ ਛੋਟਾ ਨਾਗਪੁਰ, ਮਹਾਰਾਸ਼ਟਰ ਵਾਲੇ ਨਾਗਪੁਰ ਦਾ ਕੋਈ ਛੋਟਾ ਰੂਪ ਨਹੀਂ: ਸਗੋਂ ਇਸ ਨਾਮ ਦਾ ਤਾਂ ਕੋਈ ਸ਼ਹਿਰ ਹੀ ਨਹੀਂ ਹੈ। ਇਹ ਇਕ ਇਲਾਕੇ ਦਾ ਨਾਮ ਹੈ। ਬਿਹਾਰ ਦੇ ਦੱਖਣ ਵਿਚ ਮੱਧ ਪਰਦੇਸ਼ ਨਾਲ ਲਗਦੇ ਇਸ ਇਲਾਕੇ ਛੋਟਾ ਨਾਗਪੁਰ ਵਿਚ ਇਕ ਜ਼ਿਲਾ ਹੈ, ਪਲਾਮੂ। ਪਰ ਪਲਾਮੂ ਨਾਂ ਦਾ ਵੀ ਕੋਈ ਸ਼ਹਿਰ ਨਹੀਂ। ਇਹ ਵੀ ਇਕ ਇਲਾਕੇ ਦਾ ਨਾਮ ਹੈ। ਜ਼ਿਲਾ ਪਲਾਮੂ ਦਾ ਸਦਰ ਥਾਂ ਡਾਲਟਨ ਗੰਜ ਹੈ। ਹੁਣ ਬਿਹਾਰ ਵਿਚ ਦੋ ਨਦੀਆਂ ਇਕੋ ਨਾਮ ਦੀਆ ਹਨ। ਦੱਖਣੀ ਕੋਇਲ ਰਾਂਚੀ ਜ਼ਿਲੇ ਤੋਂ ਹੇਠਾਂ ਉੜੀਸਾ ਵਲ ਜਾਂਦੀ ਹੈ ਅਤੇ ਉਤਰੀ ਕੋਇਲ ਨਦੀ ਇਸੇ ਰਾਂਚੀ ਜ਼ਿਲੇ ਦੀਆਂ ਪਹਾੜੀਆਂ ਚੋਂ ਨਿਕਲ ਕੇ ਉਤਰ ਵਲ ਜਾਂਦੀ ਹੋਈ ਗੰਗਾ ਦੀ ਸਹਾਇਕ ਸੋਨ ਨਦੀ ਵਿਚ ਸਮਾ ਜਾਂਦੀ ਹੈ। ਇਸੇ ਉਤਰੀ ਕੋਇਲ ਨਦੀ ਦੀ ਬਕਲ ਵਿਚ ਵਸਿਆ ਏਕਾਂਤ ਤੇ ਛੋਟਾ ਜਿਹਾ ਸ਼ਹਿਰ ਡਾਲਟੰਨ ਗੰਜ ਹੈ। ਹਰੇ ਭਰੇ ਦਰਖਤਾਂ ਨਾਲ ਰੰਗੀਣ ਇਸ ਸ਼ਹਿਰ ਦਾ ਪੇਂਡੂ ਆਲਾ ਦੁਆਲਾ ਆਦਿ ਵਾਸੀ ਹੈ ਪਰ ਜੰਗਲੀ ਨਹੀਂ। ਇਸ ਇਲਾਕੇ ਵਿਚ ਵੀ ਈਸਾਈ ਮਿਸ਼ਨਰੀ ਬਹੁਤ ਕੰਮ ਕਰਦੇ ਰਹੇ ਹਨ। ਜ਼ਾਹਿਰ ਹੈ ਕਿ ਸ਼ਹਿਰ ਡਾਲਟਨ ਗੰਜ ਦਾ ਡਾਲਟੰਨ ਜ਼ਰੂਰ ਕੋਈ ਅੰਗਰੇਜ਼ ਹੀ ਹੋਵੇਗਾ ਅਤੇ ਗੰਜ ਤਾਂ ਖਾਲਸ ਹਿੰਦੁਸਤਾਨੀ ਹੈ ਹੀ।

ਇਸ ਡਾਲਟਨ ਗੰਜ ਦੇ ਬਾਜ਼ਾਰ ਵਿਚ ਜਾਵੋ ਤਾਂ ਤੁਹਾਨੂੰ ਕਾਰੋਬਾਰ ਦੇ ਹਰ ਖੇਤਰ ਵਿਚ ਪੰਜਾਬੀਆਂ ਖਾਸ ਕਰਕੇ ਨਾਮਧਾਰੀ ਸਿਖਾਂ ਦਾ ਗਲਬਾ ਦਿਸੇਗਾ। ਮੁਖ ਤੌਰ ਤੇ ਕਪੜੇ ਦੇ ਥੋਕ ਤੇ ਪਰਚੂਨ ਬਿਉਪਾਰੀ ਹਨ ਪਰ ਹਰ ਪ੍ਰਕਾਰ ਦੀ ਦੁਕਾਨਦਾਰੀ, ਮੋਟਰ ਪਾਰਟਸ, ਅਨਾਜ, ਡਾਕਟਰੀ, ਹਲਵਾਈ; ਇਥੋਂ ਤੱਕ ਬੂਟਾਂ ਦੀ ਦੁਕਾਨ ਵੀ ਨਾਮਧਾਰੀਏ ਕਰ ਰਹੇ ਹਨ। ਇਹ ਬਿਹਾਰ ਦੀ ਬੜੀ ਵਧੀਆ ਉਪ ਭਾਖਾ ਬੋਲਦੇ ਹਨ। ਪਾਕਿਸਤਾਨ ਵਿਚ ਰਹਿ ਗਏ ਗੁਜਰਾਤ ਜ਼ਿਲੇ ਚੋਂ ਆਇਆ ਇਕ ਆਦਿ ਪਰਿਵਾਰ ਵਿਕਸਤ ਕਰ ਕੇ ਡਾਲਟੰਨ ਗੰਜ ਅਤੇ ਨਾਲ ਲਗਦੇ ਕਸਬੇ ਗੜਵੇ ਦੇ ਵਿਉਪਾਰ ਤੇ ਛਾਇਆ ਅਤੇ ਹੋਰਨਾਂ ਪਰਿਵਾਰਾਂ ਦੇ ਇਸ ਇਲਾਕੇ ਵਿਚ ਆਬਾਦ ਹੋਣ ਦਾ ਕਾਰਨ ਬਣਿਆ। ਪਲਾਮੂ ਦੇ ਦੂਰ ਦੂਰ ਪਿੰਡਾਂ ਕਸਬਿਆਂ ਵਿਚ ਇਹਨਾਂ ਦੀ ਲੈਣਕਾਰੀ ਹੈ। ਸ: ਇੰਦਰ ਸਿੰਘ ਨਾਮਧਾਰੀ ਪਿਛਲੀਆਂ ਚੋਣਾਂ ਵਿਚ ਬਿਹਾਰ ਦੇ ਐਮ. ਐਲ. ਏ ਚੁਣੇ ਗਏ ਹਨ ਅਤੇ ਬਿਹਾਰ ਅਸੈਂਬਲੀ ਵਿਚ ਭਾਰਤੀ ਜਨਤਾ ਪਾਰਟੀ ਦੇ ਨੇਤਾ ਹਨ। ਇਸ ਤੋਂ ਪਹਿਲਾਂ ਉਹ ਬਿਹਾਰ ਰਾਜ ਦੀ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਰਹਿ ਚੁਕੇ ਹਨ ਅਤੇ ਆਪਣੇ ਕੰਮ ਕਰਕੇ ਚੰਗੀ ਧਾਂਕ ਬੈਠਾ ਚੁਕੇ ਹਨ। ਇਸੇ ਕਰਕੇ ਹੀ ਪਿਛਲੀਆਂ ਅਸੈਂਬਲੀ ਚੋਣਾਂ ਵਿਚ ਜਦੋਂ ਜੰਤਾ ਪਾਰਟੀ ਦੇ ਥੰਮਲਰ ਡਿਗ ਰਹੇ ਸਨ ਅਤੇ ਬਿਹਾਰ ਦੇ ਸਾਰੇ ਜੰਨਤਾ ਵਜ਼ੀਰ ਲੁੜਕ ਗਏ ਸ: ਇੰਦਰ ਸਿੰਘ ਜਿਤ ਗਏ। ਉਹ ਪੰਜਾਬ ਤੋਂ ਬਹੁਤ ਦੂਰ ਰਹਿੰਦੇ ਹਨ ਸ਼ਾਇਦ ਇਸੇ ਵਾਸਤੇ ਉਹਨਾਂ ਦੀ ਰਾਜਨੀਤੀ ਵੀ ਪੰਜਾਬ ਦੇ ਨਾਮਧਾਰੀਆਂ ਤੋਂ ਦੂਰ ਦੀ ਹੀ ਹੈ:—ਡਾਲਟਨ ਗੰਜ ਪਹੁੰਚਣ ਲਈ ਅਗੇ ਕਈ ਵਾਰ ਸੋਚਣਾ ਪੈਂਦਾ ਸੀ ਪਰ ਸ: ਬੂਟਾ ਸਿੰਘ ਜਦੋਂ ਪਿਛਲੇ ਡਿਪਟੀ ਰੇਲ ਮੰਤਰੀ ਸਨ ਤਾਂ ਉਹਨਾਂ ਅੰਮ੍ਰਿਤਸਰ-ਟਾਟਾ ਐਕਸਪਰੈਸ ਚਲਾ ਕੇ ਇਸ ਦੁਰਾਡੇ ਨਗਰ ਨੂੰ ਮੇਲ ਲਾਈਨ ਤੇ ਲੈ ਆਂਦਾ ਸੀ। ਹੁਣ ਤਾਂ ਚੰਡੀਗੜ੍ਹ-ਰਾਂਚੀ ਐਕਸਪ੍ਰੈਸ ਵੀ ਡਾਲਟਨ ਗੰਜ ਜਾਂਦੀ ਹੈ। ਡਾਲਟਨ ਗੰਜ ਦੇ ਨਾਮਧਾਰੀਆਂ ਬਾਰੇ ਬਹੁਤ ਕੁਝ ਸੁਣਿਆ ਵੇਖਿਆ ਸੀ।

ਹੁਣ ਅਕਤੂਬਰ ਵਿਚ ਮੈਂ ਜਦੋਂ ਗਿਆ ਤਾਂ ਸੇਠ ਬਲਵੰਤ ਸਿੰਘ, ਕ੍ਰਿਪਾਲ ਸਿੰਘ ਤੇ ਸੇਠ ਸਾਧੂ ਸਿੰਘ ਹੋਰਾਂ ਨਾਲ ਗਲਾਂ ਬਾਤਾਂ ਕਾਰਨ ਹੋਰ ਵੀ ਜਾਣਕਾਰੀ ਮਿਲੀ।

ਡਾਲਟੰਨ ਗੰਜ ਵਿਚ ਕਾਰੋਬਾਰੀ ਮਲਾਂ ਮਾਰਨ ਵਿਚ ਸਵ: ਸੇਠ ਜੋਧ ਸਿੰਘ ਜੀ ਦਾ ਪਰਿਵਾਰ ਸਰਵ ਪ੍ਰਥਮ ਹੈ ਸ: ਜੋਧ ਸਿੰਘ ਜੀ ਨੇ ਆਪਣੇ ਸਮੇਂ ਵਿਚ ਧਾਰਮਕ ਪ੍ਰੋਗਰਾਮਾਂ ਵਿਚ ਤੇ ਦਾਨ ਪੁੰਨ ਵਿਚ ਮਹਿਮਾ ਖਟੀ ਉਹਨਾਂ ਦੇ ਪਰਿਵਾਰ ਨੇ ਆਪਣੇ ਪਿਤਾ ਜੀ ਦੇ ਨਾਮ ਤੇ ਵਿਦਿਅਕ ਸੰਸਥਾਵਾਂ ਦੀ ਯਾਦ ਵੀ ਕਾਇਮ ਕੀਤੀ ਹੈ।

ਏਸ ਪਰਿਵਾਰ ਦਾ ਵਰਤਮਾਨ ਸ਼ਜਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਦਸਮ ਗੁਰੂ ਦੇ ਸਿਖ ਤਾਈ ਸੂਰਜ ਕੌਰ ਸਨ ਉਹਨਾਂ ਦੇ ਸਪੁਤਰ ਸ: ਰਾਮ ਸਿੰਘ, ਰਾਮ ਸਿੰਘ ਦੇ ਦੇਵਾ ਸਿੰਘ। ਸ: ਦੇਵਾ ਸਿੰਘ ਦੇ ਅਗੇ ਤਿੰਨ ਸ: ਗੰਗਾ ਸਿੰਘ, ਸ: ਘਸੀਟਾ ਸਿੰਘ, ਸ: ਬੂਟਾ ਸਿੰਘ ਹੋਏ। ਇਹਨਾਂ ਚੋਂ ਸੰਤ ਗੰਗਾ ਸਿੰਘ ਜੀ ਦੀ ਕੋਈ ਉਲਾਦ ਨਹੀਂ ਸੀ ਪਰ ਅਗੋਂ ਸਾਰੇ ਪਰਿਵਾਰ ਨੂੰ ਉਹਨਾਂ ਹੀ ਪਾਲਿਆ ਕਿਉਂਕਿ ਬਾਕੀ ਭਰਾ ਚੜਾਈ ਕਰ ਗਏ ਸਨ। ਸ. ਘਸੀਟਾ ਸਿੰਘ ਤੋਂ ਸ: ਬੁਧ ਸਿੰਘ ਜੀ ਹਨ ਜਿਨ੍ਹਾਂ ਗੜਵੇ ਜਾ ਕੇ ਕਾਰੋਬਾਰ ਸ਼ੁਰੂ ਕੀਤਾ ਸ: ਬੁਧ ਸਿੰਘ ਜੀ ਦੇ ਸਪੁਤਰਾਂ ਅੱਜ ਕਲ ਗੜ੍ਹਵੇ ਵਿਚ ਕਾਰੋਬਾਰ ਵਿਕਸਿਤ ਕੀਤਾ ਹੈ। ਭਰਾਵਾਂ ਦੇ ਨਾਮ ਹਨ (੧) ਸਵਰਗਵਾਸੀ ਸ: ਕਰਤਾਰ ਸਿੰਘ (੨) ਸ: ਸਾਧੂ ਸਿੰਘ (੩) ਕੁਲਦੀਪ ਸਿੰਘ (੪) ਸਵਰਨ ਸਿੰਘ (੫)ਦਰਸ਼ਨ ਸਿੰਘ (੬) ਸਿੰਦਰ ਸਿੰਘ। ਹਰਮਹਿੰਦਰ ਸਿੰਘ ਅਗੋਂ। ਇਹਨਾਂ ਸਾਰਿਆ ਦੇ ਪਰਿਵਾਰ ਹਨ।

ਇਹਨਾਂ ਦੇ ਹੀ ਵਡੇਰੇ ਸ: ਘਸੀਟਾ ਸਿੰਘ ਜੀ ਦੀ ਛੋਟੇ ਭਾਈ ਸ: ਬੂਟਾ ਸਿੰਘ ਜੀ ਸਨ ਉਹਨਾਂ ਦੇ ਸਪੁਤਰ ਸ: ਗੋਪਾਲ ਸਿੰਘ ਅਤੇ ਪੋਤਰੇ ਸ: ਜੋਧ ਸਿੰਘ ਜੀ ਹੋਏ ਜਿਨ੍ਹਾਂ ਦਾ ਉਪਰ ਜ਼ਿਕਰ ਆ ਚੁਕਾ ਹੈ। ਸ. ਜੋਧ ਸਿੰਘ ਜੀ ਦੇ ਅੱਠ ਸਪੁਤਰ ਅਤੇ ਇਕ ਬੀਬੀ ਹੈ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ। ਸਰਵ ਸੇਠ ੧. ਬਲਵੰਤ ਸਿੰਘ ੨. ਕ੍ਰਿਪਾਲ ਸਿੰਘ ੩. ਅਮਰ ਸਿੰਘ ੪. ਮਹਿੰਦਰ ਸਿੰਘ ੫. ਸੁਰਿੰਦਰ ਸਿੰਘ ੬. ਬੀਬੀ ਸਿੰਦਰ ਕੌਰ ਸਪਤਨੀ ਸੇਠ ਧਰਮ ਸਿੰਘ ਚਾਵਲਾ ਬੈਂਕਾਂਕ ੭. ਇੰਦਰ ਸਿੰਘ ੮. ਪ੍ਰਤੈਮ ਸਿੰਘ ੯. ਅਜੀਤ ਸਿੰਘ। ਸਭ ਭਰਾਵਾਂ ਦਾ ਅਗੋਂ ਪ੍ਰਫੁਲਤ ਪਰਿਵਾਰ ਹੈ। ਇਸ ਪਰਿਵਾਰ ਦੀ ਬਿਰਧ ਮਾਤਾ ਦਰੋਪਤੀ ਜੀ ਦਾ ਪਿਛੇ ਜਿਹੇ ਦੇਹਾਂਤ ਹੋਇਆ ਹੈ ਸਵਰਗੀ ਸ: ਜੋਧ ਸਿੰਘ ਦਾ ਹੀ ਇਹ ਪਰਿਵਾਰ ਅਜ ਕਲ ਡਾਲਟਨ ਗੰਜ ਇਲਾਕੇ ਵਿਚ ਪ੍ਰਧਾਨ ਹੈ।

ਇਸ ਪਰਿਵਾਰ ਦਾ ਪਿਛਲਾ ਪਿੰਡ ਨੁਸ਼ਹਿਰਾ ਜ਼ਿਲਾ ਗੁਜਰਾਤ (ਪਾਕਿਸਤਾਨ) ਵਿਚ ਮਨਾਵਰ ਤੋਂ ਛੇ ਮੀਲ ਰਿਆਸਤ ਜੰਮੂ ਦੇ ਲਾਗੇ ਪੈਂਦਾ ਸੀ। ਪੁਰਾਣੇ ਸ਼ਾਹੂਕਾਰ ਹਨ।-

ਜਦੋਂ ਗੁਰੂ ਰਾਮ ਸਿੰਘ ਜੀ ਸਿਖੀ ਦਾ ਪਰਚਾਰ ਕਰਦੇ ਹੋਏ ਸਿਆਲਕੋਟ ਜ਼ਿਲੇ ਬਾਅਦ ਚਨਾਬ ਪਾਰ ਕਰਕੇ ਸਬਾਜ ਪੁਰ ਪਿੰਡ ਪਹੁੰਚੇ ਤਾਂ ਦੋ ਵਡੇਰੇ ਸ. ਦੇਵਾ ਸਿੰਘ ਅਤੇ ਉਹਨਾਂ ਦੇ ਸਪੁਤਰ ਸ ਗੰਗਾ ਸਿੰਘ ਨੇ ਇਕਠਿਆਂ ਹੀ ਭਜਨ ਪੁਛਿਆ। ਸਤਿਗੁਰਾਂ ਕਿਹਾ ਜਾਓ ਇਸ਼ਨਾਨ ਕਰ ਕੇ ਆਓ। ਤੇ ਫੇਰ ਦੋਹਾਂ ਪਿਉ ਪੁਤਰਾਂ ਨੂੰ ਆਪਣੀ ਰਸਨਾ ਦੁਆਰਾ ਭਜਨ ਦਸਿਆ। ਸ: ਗੰਗਾ ਸਿੰਘ ਜੀ ਦੀ ਉਮਰ ਉਸ ਵੇਲੇ ੧੦-੧੨ ਸਾਲ ਦੀ ਸੀ ਸ: ਗੰਗਾ ਸਿੰਘ ਜੀ ਹੁਣ ਵਾਲੇ ਪਰਿਵਾਰ ਸੇਠ, ਬਲਵੰਤ ਸਿਘ ਕ੍ਰਿਪਾਲ ਸਿੰਘ,ਅਮਰ ਸਿੰਘ ਆਦਿ ਭਰਾਵਾਂ ਦੇ ਵੱਡੇ ਦਾਦਾ ਜੀ ਸਨ। ਜਿਵੇਂ ਉਪਰ ਜ਼ਿਕਰ ਆ ਚੁਕਾ ਹੈ ਇਹਨਾਂ ਦੀ ਆਪਣੀ ਔਲਾਦ ਕੋਈ ਨਹੀਂ ਸੀ ਪਰ ਆਪਣੇ ਦੋਹਾਂ ਛੋਟਾ ਭਰਾਵਾਂ ਦੇ ਪਰਿਵਾਰਾ ਨੂੰ ਇਹਨਾਂ ਹੀ ਪਾਲਿਆ ਸੀ।

ਮੈਂ ਸੇਠ ਕ੍ਰਿਪਾਲ ਸਿੰਘ ਜੀ ਨੂੰ ਪੁਛਿਆ।

"ਕੀ ਤੁਸੀਂ ਸੰਤ ਗੰਗਾ ਸਿੰਘ ਜੀ ਦੇ ਦਰਸ਼ਨ ਕੀਤੇ ਹਨ।"

—"ਹਾਂ ਚੜਦੀ ਜਵਾਨੀ ਵਿਚ ਕੀਤੇ ਹਨ। ਸਤਿਗੁਰੂ ਹਰੀ ਸਿੰਘ ਦਾ ਅੰਤਮ ਹੋਲਾ ਅਤੇ ਸਤਿਗੁਰੂ ਪ੍ਰਾਪਤ ਸਿੰਘ ਦਾ ਪਹਿਲਾ ਹੋਲਾ ਨੁਸ਼ਹਿਰਾ ਜ਼ਿਲਾ ਗੁਜਰਾਤ ਵਿਚ ਵਿਚ ਉਹਨਾਂ ਕੀਤਾ ਸੀ।"

ਬਾਕੀ ਦੀ ਕਹਾਣੀ ਸ: ਜੋਧ ਸਿੰਘ ਹੋਰਾਂ ਦੀ ਘਾਲਣਾ ਦੀ ਹੈ।ਉਹਨਾਂ ਆਪਣੀ ਜ਼ਿੰਦਗੀ ਵਿਚ ਧਨ ਦੌਲਤ ਵੀ ਕਮਾਇਆ ਪਰਿਵਾਰਕ ਸੁਖ ਦੀਆਂ ਵੀ ਸਿਖਰਾਂ ਮਾਣੀਆਂ ਅਤੇ ਦਾਨ ਪੁੰਨ ਵੀ ਰੱਜ ਕੇ ਕੀਤਾ ਪਰ ਅਤਿ ਦੀ ਨਿਰਮਾਨ ਤਬੀਅਤ ਰਖੀ। ਜ਼ਿੰਦਗੀ ਵਿਚ ਬਹੁਤ ਮੇਲੇ ਕਰਵਾਏ ਪਰ ਜਦੋਂ ਦੀਵਾਨਾਂ ਜਾਂ ਸਮਾਗਮ ਵਿਚ ਜਾਣਾ ਤਾਂ ਅਗੇ ਨਹੀਂ ਬੈਠਣਾ, ਪਿਛੇ ਹੀ ਬੈਠਣਾ, ਕੀਤੇ ਕੰਮ ਦਾ ਜ਼ਿਕਰ ਵੀ ਨਹੀਂ ਕਰਨਾ।

? ਤੁਹਾਡਾ ਗੁਜਰਾਤ (ਪਾਕਿਸਤਾਨ) ਤੋਂ ਡਾਲਟੇਨ ਗੰਜ ਵਿਚ ਆ ਕੇ ਨਿਵਾਸ ਕਰਨ ਦੀ ਕਹਾਣੀ ਕਿਵੇਂ ਬਣੀ।

— ਸਾਡੇ ਵਡੇਰੇ ਗੁਜਰਾਤ ਜ਼ਿਲੇ ਦੇ ਖਤਰੇਟੇ ਛੇਈਂ ਮਹੀਨੀ ਇਸ ਪਾਸੇ ਵਲ ਲੈਣ ਦੇਣ, ਵਪਾਰ ਦੇ ਸਬੰਧ ਵਿਚ ਆਉਂਦੇ ਸਨ। ਉਧਾਰ ਵੀ ਦੇਣੇ ਪੈਂਦੇ ਨਕਦ ਵੀ ਦੇਣੇ ਅਤੇ ੬ ਮਹੀਨਿਆਂ ਬਾਅਦ ਡਿਉਢੇ ਲੈ ਜਾਣੇ ਇਸ ਪਾਸੇ ਨਾਲ



Sri Satguru Jagjit Singh Ji Elibrary NamdhariElibrary@gmail.com

ਸੁਬੰਧ ਸਾਡੇ ਪੁਰਾਣੇ ਸਨ ਪਾਰਟੀਸ਼ਨ ਤੋਂ ਬਾਅਦ ਅੰਮ੍ਰਿਤਸਰ ਲਖਨਊ ਕਾਨਪੁਰ ਹੁੰਦੇ ਹੋਏ ਇਟਾਵੇ (ਯੂ. ਪੀ. ਵਿਖੇ ਰਹੇ ਜਿਥੇ ਅਗੇ ਸਾਡੀ ਠਾਹਰ ਹੈ ਸੀ। ਗੜਵੇ ਵਾਲੇ ਪਰਿਵਾਰ ਦੇ ਸੰਤ ਬੁਧ ਸਿੰਘ ਜੀ ਦਾ ਇਸ ਪਾਸੇ ਅਗੇ ਹੀ ਆਉਣ ਜਾਣਾ ਸੀ। ਇਵੇਂ ਇਸ ਪਾਸੇ ਵਲ ਸਾਡਾ ਰਜੂਹ ਹੋਇਆ। ਡਾਲਟੰਨ ਗੰਜ ਵਿਚ ਪਾਰਟੀਸ਼ਨ ਤੋਂ ਪੂਰੇ ਇਕ ਸਾਲ ਬਾਅਦ ੧੫ ਅਗਸਤ ੧੯੪੮ ਨੂੰ ਦੁਕਾਨ ਦਾ ਉਦਘਾਟਨ ਕੀਤਾ ਅਤੇ ਕਪੜੇ ਦਾ ਵਪਾਰ ਸ਼ੁਰੂ ਕੀਤਾ।

? ਜਦੋਂ ਤੁਸੀਂ ਆਏ ਇਥੇ ਕਿਹੋ ਜਿਹੀ ਸਥਿਤੀ ਸੀ

—ਦੁਧ, ਸਬਜ਼ੀ, ਭਾਜੀ ਬਹੁਤ ਸਸਤੀ ਸੀ। ਡਾਲਡਾ ਇਧਰ ਆਉਂਦਾ ਹੀ ਨਹੀਂ ਸੀ। ਬਾਜ਼ਾਰ ਜਿਣਸ ਦੀਆਂ ਗੱਠਾਂ ਨਾਲ ਭਰਿਆ ਰਹਿੰਦਾ। ਬੂਹੇ ਬੰਦ ਕਰਕੇ ਆ ਜਾਣਾ ਕੋਈ ਚੋਰੀ ਚਕਾਰੀ ਦਾ ਡਰ ਨਹੀਂ ਸੀ।

? ਇਧਰ ਸਤਿਗੁਰਾਂ ਦੇ ਦੌਰੇ ਕਦ ਤੋਂ ਆਰੰਭ ਹੋਏ।

—ਪਿਤਾ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਅਖੰਡ ਪਾਠਾਂ ਦੀ ਲੜੀ ਇਕ ਮਹੀਨਾ ਰਹੇ। ਇਸੇ ਸਬੰਧ ਵਿਚ ਸਭ ਤੋਂ ਪਹਿਲਾਂ ਸੰਨ ੧੯੫੦ ਵਿਚ ਪੰਡਤ ਗੋਪਾਲ ਸਿੰਘ ਜੀ ਜਥੇ ਸਮੇਤ ਆਏ। ਪਰਚਾਰ ਦੀ ਰੌਣਕ ਲਗੀ ਰਹੀ। ਰੋਜ਼ ਰਾਤ ਨੂੰ ਪੰਡਤ ਜੀ ਦੇ ਦੀਵਾਨ ਲਗਦੇ।

ਸੰਨ ੧੯੫੧ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਹਿਲਾ ਦੌਰਾ ਹੋਇਆ। ਬਹੁਤ ਪ੍ਰਭਾਵਸ਼ਾਲੀ ਦੌਰਾ ਰਿਹਾ। ਸੁੰਦਰ ਤੇ ਵਧੀਆ ਪ੍ਰੋਗਰਾਮ। ਸਾਧ ਸੰਗਤ ਬਹੁਤ ਆਉਂਦੀ ਰਹੀ ਫਿਰ ਸੰਨ ੧੯੫੭ ਈ: ਤੱਕ ਹਰ ਸਾਲ ਆਉਂਦੇ ਰਹੇ। ਬੈਂਕੋਕ ਥਾਈਲੈਂਡ ਤੋਂ ਆਉਂਦੇ ਜਾਂਦੇ ਇਥੇ ਜ਼ਰੂਰ ਦਰਸ਼ਨ ਦਿੰਦੇ।

? ਉਸ ਸਮੇਂ ਦੀ ਕੋਈ ਤੁਹਾਡੀ ਯਾਦ ?

੧੯੫੪-੫੫ ਵਿਚ ਪਿਤਾ ਜੀ ਨੂੰ ਬਾਂਹ ਤੇ ਬਹੁਤ ਦਰਦ ਹੋਈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕੀਤੀ ਗਈ ਸਤਿਗੁਰੂ ਜੀ ਨੇ ਪਿਤਾ ਜੀ ਦੀ ਬਾਂਹ ਤੇ ਹੱਥ ਫੇਰਿਆ ਅਤੇ ਕਿਹਾ ਕੋਈ ਦਰਦ ਨਹੀਂ ਅਸਾਂ ਅਜੇ ਬਹੁਤ ਕੰਮ ਲੈਣਾ ਹੈ ਇਹਨਾਂ ਤੋਂ। ਸਤਿਗੁਰਾਂ ਦੇ ਏਨੇ ਬਚਨ ਨਾਲ ਹੀ ਦਰਦ ਹੱਟ ਗਈ।

? ਇਹ ਪਾਠਾਂ ਦਾ ਕ੍ਰਮ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਜਾਰੀ ਰਿਹਾ ਕਿ ਨਾ।

—ਸੰਨ ੧੯੫੯ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਉਹਲਾ ਕੀਤਾ। ਉਹ ਸਦਮਾ ਪਿਤਾ ਜੀ ਤੋਂ ਬਰਦਾਸ਼ਤ ਨਾ ਹੋਇਆ। ਭੋਗਾਂ ਦੇ ਸਮੇਂ ਹੀ ਤਬੀਅਤ ਬਹੁਤ ਖਰਾਬ ਹੋ ਗਈ। ਡਾਕਟਰਾਂ ਵਲੋਂ ਵੀ ਜੁਆਬ ਹੋ ਗਿਆ ਸੁਆਸਾਂ ਦੇ ਪੂਰੇ ਹੋਣ ਦੀ ਸੰਭਾਵਣਾ ਵਧ ਗਈ। ਬਹੁਤ ਧੀਮੀ ਆਵਾਜ਼ ਵਿਚ ਕਹਿਣ ਲਗੇ ਕਿ ਮੈਂ ੧੦੧ ਅਖੰਡ ਪਾਠ ਸੁਖਿਆ ਹੈ। ਮੇਰੇ ਬਾਅਦ ਕਰਵਾ ਦੇਣਾ। ਮੈਂ ਅਰਦਾਸ ਕੀਤੀ ਕਿ ਆਪਣੀ ਹਥੀਂ ਕਰਵਾਓ। ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਪਾਠੀ ਦਿਓ ਹਰ ਸਾਲ ਸਤਿਗੁਰਾਂ ਪਹਿਲਾਂ ਪਾਠੀ ਭੇਜ ਕੇ ੫੧ ਅਖੰਡ ਪਾਠ ਕਰਵਾਉਣੇ ਫੇਰ ਸਤਿਗੁਰਾਂ ਦਾ ਦੌਰਾ ਹੋਣਾ। ੧੯੬੭ ਤਕ ਇਹ ਸਿਲਸਿਲਾ ਚਲਦਾ ਰਿਹਾ। ਇਸ ਸਾਲ ਇਥੇ ਭਿਆਨਕ ਕਾਲ ਪਿਆ ਉਧਰੋਂ ਪਾਠੀ ਸਿੰਘ ਨਾ ਆਏ। ਅਸਾਂ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਪਾਠੀ ਨਹੀਂ ਪਹੁੰਚੇ। ਸਤਿਗੁਰਾਂ ਕਿਹਾ ਜਾਣ ਕੇ ਪਾਠੀ ਨਹੀਂ ਭੇਜੇ। ਤੁਸੀਂ ਪਾਠਾਂ ਦੀ ਥਾਂ ਇਸ ਵਾਰ ਗਰੀਬਾਂ ਦੀ ਵੱਧ ਤੋਂ ਵੱਧ ਮੱਦਦ ਕਰੋ। ਅਸੀਂ ਹੁਕਮ ਮੰਨ ਕੇ ਕਾਲ ਪੀੜਤਾਂ ਦੀ ਸਹਾਇਤਾ ਕੀਤੀ।

? ਤੁਸੀਂ ਕਾਲ ਪੀੜਤਾਂ ਵਾਸਤੇ ਕੀ ਸਹਾਇਤਾ ਕੀਤੀ ਅਤੇ ਕਿਵੇਂ ? ਕੀ ਕੋਈ ਲੰਗਰ ਆਦਿਕ ਲਾਏ ਜਾਂ ਕੋਈ ਹੋਰ ਤਰੀਕਾ ਅਪਣਾਇਆ ?

—ਅਸਾਂ ਇਸ ਮੰਤਵ ਵਾਸਤੇ ਇਕ ਨਾਮਧਾਰੀ ਰੀਲੀਫ ਸੁਸਾਇਟੀ ਕਾਇਮ ਕੀਤੀ ਅਤੇ ਆਪਣੇ ਹੀ ਤਰੀਕੇ ਨਾਲ ਕੰਮ ਕੀਤਾ। ਇਸ ਨਵੇਂ ਤਰੀਕੇ ਦੀ ਵਿਚਲੇ ਦਰਜੇ ਦੇ ਲੋਕਾਂ ਵਲੋਂ ਤਾਂ ਬਹੁਤ ਹੀ ਸ਼ਲਾਘਾ ਹੋਈ। ਅਸਾਂ ਰੀਲੀਫ ਸੁਸਾਇਟੀ ਵਲੋਂ ਰਾਸ਼ਨ ਕਾਰਡ ਲੋਕਾਂ ਨੂੰ ਸਪਲਾਈ ਕਰ ਦਿਤੇ ਜਿਨਾਂ ਚਿਰ ਕਾਲ ਰਿਹਾ ਲੋਕਾਂ ਨੂੰ ਅੱਧੇ ਮੁਲ ਤੇ ਅਨਾਜ ਚੌਲ ਆਦਿਕ ਦਿੰਦੇ ਸਾਂ। ਡੰਗਰਾਂ ਵਾਸਤੇ ਵੀ ਤੂੜੀ ਦੀਆਂ ਹਜ਼ਾਰਾਂ ਵੈਗਨਾਂ ਪੰਜਾਬ ਚੋਂ ਮੰਗਵਾ ਕੇ ਸਸਤੀਆਂ



Sri Satguru Jagjit Singh Ji Elibrary NamdhariElibrary@gmail.com

ਵੇਚੀਆਂ । ਇਸ ਤਰੀਕੇ ਨਾਲ ਮਧ ਵਰਗ ਦੇ ਲੋਕਾਂ ਨੂੰ ਚੀਜ਼ ਮਿਲਦੀ ਵੀ ਰਹੀ, ਸਸਤੀ ਵੀ ਮਿਲਦੀ ਰਹੀ ਅਤੇ ਉਹਨਾਂ ਨੂੰ ਮੰਗਣ ਦੀ ਨਮੋਸ਼ੀ ਵੀ ਨਾ ਉਠਾਓਣੀ ਪਈ ।

? ਆਪ ਜੀ ਦੇ ਪਿਤਾ ਸੰਤ ਜੋਧ ਸਿੰਘ ਜੀ ਨੇ ਇਹ ਸਾਰਾ ਕੁਝ ਵੇਖਿਆ ਕਿ ਨਾ ?

—ਆਪ ਜੀ ਨੇ ਸਭ ਕੁਝ ਵੇਖ ਕੇ ਸੰਨ ੧੯੬੮ ਦੇ ਦਸੰਬਰ ਵਿਚ ਜੀਵਨ ਯਾਤਰਾ ਸੰਪੂਰਨ ਕੀਤੀ । ਸਰੀਰ ਛਡਣ ਤੋਂ ਪਹਿਲਾਂ ਸਭ ਨੂੰ ਕਹਿ ਦਿਤਾ ਕਿ ਸਰੀਰ ਤਿਆਗ ਦੇਣਾ ਹੈ । ਬੈਂਕੋਕ ਤੋਂ ਵੀ ਬੀਬੀ ਨੂੰ ਮੰਗਵਾ ਲਿਆ । ਕਿਹਾ 'ਮੇਰਾ ਸਰੀਰ ਕਮਜ਼ੋਰ ਹੋ ਗਿਆ ਹੈ ਸਭ ਸਬੰਧੀਆਂ ਨੂੰ ਇਕਠੇ ਕਰ ਲਓ । ਸੰਤ ਸੁੰਦਰ ਸਿੰਘ ਫਰੀਦ ਹੋਰਾਂ ਦਾ ਜਥਾ ਵੀ ਆਇਆ ਹੋਇਆ ਸੀ । ਫਰੀਦ ਜੀ ਨੇ ਵਾਪਸ ਜਾਣ ਵਾਸਤੇ ਆਗਿਆ ਮੰਗੀ । ਕਹਿਣ ਲਗੇ ਤਿੰਨ ਦਿਨ ਹੋਰ ਰੁਕ ਜਾਵੋ । ਜਿਸ ਦਿਨ ਆਖਰੀ ਵਰਨੀ ਕੀਤੀ । ਅਮ੍ਰਿਤ ਛੱਕ ਕੇ ਦੁੱਧ ਪੀਤਾ । ਸਰੀਰ ਤਿਆਗਿਆ ਸਾਰੀ ਸੰਗਤ ਇਥੇ ਹੀ ਰਹੀ । ਸਤਿਗੁਰੂ ਜੀ ਅਫਰੀਕਾ ਗਏ ਹੋਏ ਸਨ । ਮਹਾਰਾਜ ਬੀਰ ਸਿੰਘ ਪਹੁੰਚੇ ।

? ਤੁਹਾਡੇ ਵਲੋਂ ਵਿਦਿਅਕ ਸੰਸਥਾਵਾਂ ਵੀ ਚਲਾਈਆਂ ਜਾ ਰਹੀਆਂ ਸੁਣੀਦੀਆਂ ਹਨ । ਉਹਨਾਂ ਦਾ ਵੇਰਵਾ ?

—ਸੰਨ ੧੯੬੬-੬੭ ਵਿਚ ਚੈਨ ਪੁਰ ਵਿਖੇ, ਸ੍ਰੀ ਸਤਿਗੁਰੂ ਪ੍ਰਤਾਪ ਹਰੀ ਉੱਚ ਵਿਦਿਆਲਾ ਕਾਇਮ ਕੀਤਾ । ਇਹ ਹਾਈ ਸਕੂਲ ਅਜੇ ਤੱਕ ਚੱਲ ਰਿਹਾ ਹੈ ।

ਪਿਤਾ ਜੀ ਦੀ ਯਾਦ ਵਿਚ ਸ: ਜੋਧ ਸਿੰਘ ਨਾਮਧਾਰੀ ਮਹਿਲਾ ਵਿਦਿਆਲਾ ਕਾਇਮ ਕੀਤਾ ਹੈ । ਬਿਲਡਿੰਗ ਵੀ ਆਪਣੀ ਹੈ । ਸ: ਇੰਦਰ ਸਿੰਘ ਸੈਕਟਰੀ ਰਹੇ ।

ਸਤਿਗੁਰੂ ਜਗਜੀਤ ਸਿੰਘ ਨਾਮਧਾਰੀ ਕਾਲਜ, ਗੜ੍ਹਵਾ ਵਿਖੇ ਸਥਾਪਤ ਕੀਤਾ ।

— — —

ਉਹਨਾਂ ਦਸਿਆ ਕਿ ਸਾਰੇ ਬਿਹਾਰ ਵਿਚ "ਉਹਨਾਂ ਲੀਹ ਪਾਈ ਹੈ । ਨਾਮਧਾਰੀ ਪੱਗ ਨੂੰ ਸਲਾਮਾਂ ਹੁੰਦੀਆਂ ਹਨ" ।

ਸੰਨ ੧੯੭੧ ਨੂੰ ਸਰਬ ਹਿੰਦ ਨਾਮਧਾਰੀ ਵਿਦਿਅਕ ਸੰਮੇਲਨ ਤੇ ਮੈਂ ਪਹਿਲੀ ਵਾਰ ਉਥੇ ਗਿਆ ਸੀ । ਅਜ ਕਲ ਦੇ ਵਪਾਰੀ ਅਤੇ ਰਾਜਨੀਤੱਗ ਡਾਲਟਨ ਗੰਜ ਦੇ ਨਾਮਧਾਰੀ ਉਦੋਂ ਨੌਜੁਆਨ ਨਾਮਧਾਰੀ ਵਿਦਿਅਕ ਤਹਿਰੀਕ ਦੇ ਸਰਗਰਮ ਮੈਂਬਰ ਸਨ । ਉਸ ਤੋਂ ਬਾਅਦ ਸੰਨ ੧੯੭੫, ੧੯੭੯ ਅਤੇ ਹੁਣ ੧੯੯੦ ਵਿਚ ਮੈਂ ਗਿਆ । ਇਹਨਾਂ ਸਾਲਾਂ ਵਿਚ ਇਹ ਸਾਰੇ ਸੁਤੰਤਰ ਵਪਾਰਕ ਕਾਰਿੰਦੇ ਬਣ ਗਏ ਹਨ । ਸਾਰਿਆਂ ਨੂੰ ਵਰਿਆਮ ਨਾਲ ਬਹੁਤ ਲਗਾਓ ਹੈ । ਸੇਠ ਬਲਵੰਤ ਸਿੰਘ ਜੀ ਦੇ ਗ੍ਰਹਿ ਵਿਖੇ ਜਦੋਂ ਮੈਂ ਗੱਡੀ ਤੋਂ ਉਤਰ ਕੇ ਸਵੇਰੇ ਤਿੰਨ ਵਜੇ ਪੁਜਾ ਤਾਂ ਉਹ ਉਦੋਂ ਇਸ਼ਨਾਨ ਕਰਕੇ ਨਿਤਨੇਮ ਕਰ ਰਹੇ ਸਨ । ਰੋਜ਼ ਗੁਰਦੁਆਰੇ ਜਾ ਕੇ ਨਿਤਨੇਮ ਕਰਨਾ ਸਭ ਦਾ ਕਰਤਵ ਹੈ । ਸੇਠ ਬਲਬੰਤ ਸਿੰਘ ਜੀ ਦੇ ਛੋਟੇ ਲੜਕੇ ਗੁਰਦੇਵ ਸਿੰਘ ਆਪਣੇ ਵਿਹਾਰ ਨਾਲ ਸੰਗੀਤ ਦਾ ਸ਼ੌਕ ਰਖਦੇ ਹਨ । ਸਿਤਾਰ ਅਤੇ ਗਾਣੇ ਦੀ ਬਾਕਾਇਦਾ ਸਿਖਿਆ ਲੈ ਰਹੇ ਹਨ । ਅਤੇ ਵਧੀਆ ਸੰਗੀਤਕਾਰ ਬਨਣ ਦੀਆਂ ਸੰਭਾਵਨਾਵਾਂ ਉਹਨਾਂ ਵਿਚ ਹਨ । ਸ: ਅਜੀਤ ਸਿੰਘ ਨੂੰ ਪਰਿਵਾਰਕ ਸੱਟਾਂ ਅਤੇ ਮੁਸੀਬਤਾਂ ਦਾ ਸਾਹਮਣਾ ਬਹੁਤ ਕਰਨਾ ਪਿਆ ਹੈ । ਪਰ ਤਗੜੇ ਨਿਕਲੇ ਹਨ । ਗਰਬਚਨ ਸਿੰਘ ਵੀ ਚੰਗੇ ਵਕਤਾ ਹਨ । ਹੁਣ ਨਿਜੀ ਵਿਹਾਰ ਕਪੜੇ ਦੀ ਦੁਕਾਨ ਦਾਰੀ ਵਿਚ ਪੂਰੀ ਤਰਾਂ ਗ੍ਰਸਤ ਹੋ ਚੁਕੇ ਹਨ । ਬਹੁਤ ਸਾਰੇ ਹੋਰ ਸਨੇਹੀ ਅਤੇ ਪ੍ਰੇਮੀ ਹਨ । ਜਿਹੜੇ ਬਿਹਾਰ ਦੇ ਇਸ ਪਿਛੜੇ ਇਲਾਕੇ ਵਿਚ ਪੰਜਾਬੀਅਤ ਅਤੇ ਨਾਮਧਾਰੀਆਂ ਦਾ ਨਾਮ ਉੱਚਾ ਕਰ ਰਹੇ ਹਨ ।





Sri Satguru Jagjit Singh Ji Elibrary NamdhariElibrary@gmail.com

# ਨਹਿਰੂ ਹਾਕੀ ਟੂਰਨਾਮੈਂਟ

—ਦਰਸ਼ਕ

ਪੰਜਾਬ ਪੁਲੀਸ ਜਲੰਧਰ ਨੇ ਇਸ ਵਾਰ ਜਲੰਧਰ ਦੀ ਹੀ, ਈ. ਐਮ. ਈ ਦੀ ਟੀਮ ਹਰਾ ਕੇ ਭਾਰਤ ਦੇ ਪ੍ਰਮੁਖ ਹਾਕੀ ਟੂਰਨਾਮੈਂਟ ਸੀਨੀਅਰ ਨਹਿਰੂ ਹਾਕੀ ਟੂਰਨਾਮੈਂਟ ਨੂੰ ਜਿਤ ਲਿਆ ਹੈ। ਜਲੰਧਰ ਦੀਆਂ ਇਹ ਦੋਵੇਂ ਦੇਵ ਕੱਦ ਟੀਮਾਂ ਫਾਈਨਲਜ ਦੇ ਪਹਿਲੇ ਚਰਨ ਵਿਚ ਬਰਾਬਰ ਰਹੀਆਂ ਪਰ ਦੂਸਰੇ ਦਿਨ ਪੰਜਾਬ ਪੁਲੀਸ, ਜਿਸ ਵਿਚ ਕਈ ਅੰਤਰਾਸ਼ਟਰੀ ਖਿਡਾਰੀ ਸਨ ਨੇ ਸਿਫਰ ਦੇ ਮੁਕਾਬਲੇ ਵਿਚ ਦੋ ਗੋਲ ਕਰਕੇ ਇਹ ਗੌਰਵਸ਼ਾਲੀ ਟ੍ਰਾਫੀ ਜਿਤ ਲਈ। ਇਸ ਮੈਚ ਨੂੰ ਵੇਖਣ ਵਾਸਤੇ ਦੋਵੇਂ ਦਿਨ ਹੀ ਦੇਸ਼ ਦੇ ਪ੍ਰਧਾਨ ਸ੍ਰੀ ਸੰਜੀਵਾ ਰੈਡੀ ਆਉਂਦੇ ਰਹੇ। ਦਰ ਅਸਲ ਦੂਸਰੇ ਦਿਨ ਦਾ ਮੈਚ ਉਹਨਾਂ ਦੇ ਕਹਿਣ ਤੇ ਅਤੇ ਦੁਬਾਰਾ ਮੈਚ ਵੇਖਣ ਆਉਣ ਦੀ ਇਛਿਆ ਕਾਰਨ ਖੇਡਿਆ ਗਿਆ। ਉਹਨਾਂ ਹੀ ਖਿਲਾੜੀਆਂ ਨੂੰ ਇਨਾਮ ਵੰਡੇ।

ਇਸ ਟੂਰਨਾਮੈਂਟ ਵਿਚ ਮਲੇਸ਼ੀਆ, ਜਪਾਨ ਅਤੇ ਸ੍ਰੀ ਲੰਕਾ ਦੀਆਂ ਬਦੇਸ਼ੀ ਟੀਮਾਂ ਨੇ ਵੀ ਭਾਗ ਲਿਆ। ਸ੍ਰੀ ਲੰਕਾ ਦੀ ਟੀਮ ਖੇਡ ਪਖੋਂ ਭਾਵੇਂ ਕਿਵੇਂ ਰਹੀ ਪਰ ਉਹਨਾਂ ਦਾ ਭਾਗ ਲੈਣਾ ਸੁਆਗਤ ਯੋਗ ਹੈ। ਜਾਪਾਨ ਦੀ ਟੀਮ ਅੱਛੀ ਸੀ ਅਤੇ ਮਲੇਸ਼ੀਆ ਦੀ ਟੀਮ ਤਾਂ ਸੈਮੀ ਫਾਈਨਲ ਵਿਚ ਈ. ਐਮ. ਈ ਤੋਂ ਮਸਾਂ ਹਾਰੀ ਸੀ। ਸੈਮੀਫਾਈਨਲ ਦੇ ਦੋਵਾਂ ਹੀ ਮੈਚਾਂ ਵਿਚ ਬਰਾਬਰ ਰਹਿਣ ਪਿਛੋਂ ਮੈਚ ਦਾ ਫੈਸਲਾ ਕਰਨ ਵਾਸਤੇ ਦੋ ਵਾਰੀ ਪੰਜ ਪੰਜ ਪੈਨਲਟੀ ਸਟਰੋਕਾਂ ਲਾਈਆਂ ਗਈਆਂ ਅਤੇ ਇਸ ਤਰ੍ਹਾਂ ਕੁਲ ੪੬ ਦੇ ਫਰਕ ਨਾਲ ਮਲੇਸ਼ੀਆ ਫਾਈਨਲ ਵਿਚ ਪਹੁੰਚਣੋ ਰਹਿ ਗਿਆ। ਮਲੇਸ਼ੀਆ ਆਪਣੇ ਪੂਲ ਦੇ ਵਿਚੋਂ ਸਭ ਤੋਂ ਉਪਰ ਸੀ।

ਪੰਜਾਬ ਪੁਲੀਸ ਦੀ ਟੀਮ ਸੁਰਜੀਤ ਸਿੰਘ ਓਲੰਪੀਅਨ ਦੀ ਕਪਤਾਨੀ ਵਿਚ ਖੇਡ ਰਹੀ ਸੀ ਅਤੇ ਇਸ ਵਿਚ ਕੁਲਦੀਪ ਸਿੰਘ, ਗੁਰਦੀਪ ਸਿੰਘ ਮੰਗੂ, ਗੁਰਮੇਲ ਸਿੰਘ, ਦੇਵਿੰਦਰ ਸਿੰਘ, ਬਲਬੀਰ ਸਿੰਘ ਅਤੇ ਮਾਸਕੋ ਓਲੰਪਿਕ ਦੇ ਸਟਾਰ ਪਲੇਅਰ ਸੁਰਿੰਦਰ ਸਿੰਘ ਸੋਢੀ ਜਿਹੇ ਅੰਤਰਾਸ਼ਟਰੀ ਪਧਰ ਦੇ ਖਿਡਾਰੀ ਖੇਡ ਰਹੇ ਸਨ। ਇਸ ਟੀਮ ਨੇ ਪ੍ਰੀ ਲੀਗ ਮੈਚਾਂ ਵਿਚ ਸੈਂਟਰਲ ਰੇਲਵੇ ਬੰਬਈ, ਆਰਟੇਲਰੀ ਆਫ ਨਾਸਕ ਦੀਆਂ ਟੀਮਾਂ ਨੂੰ ਟੂਰਨਾਮੈਂਟ ਚੋਂ ਬਾਹਰ ਕਰਕੇ ਲੀਗ ਮੈਚਾਂ ਵਿਚ ਸ੍ਰੀ ਲੰਕਾ ਨੂੰ ੫-੧, ਸੀ. ਆਰ. ਪੀ ਨੂੰ ੨-੧, ਉਤਰੀ ਰੇਲਵੇ ਨੂੰ ੩-੧ ਤੇ ਹਰਾਇਆ ਅਤੇ ਮਲਾਇਸ਼ੀਆਂ ਨਾਲ -੨ ਤੇ ਬਰਾਬਰ ਰਹੇ। ਸੈਮੀ ਫਾਈਨਲ ਵਿਚ ਕੁਲ ਯੂਨੀ-ਵਰਸਟੀਆਂ ਦੀ ਰਲਵੀਂ ਟੀਮ, ਕੰਬਾਈਨਡ ਯੂਨੀਵਰਸਟੀਜ਼ ਨੂੰ ਸੈਮੀ ਫਾਈਨਲ ਦੇ ਦੋਵੇ ਮੈਚਾਂ ਵਿਚ ੨-੧, ੨-੧, ਨਾਲ ਜਿਤਿਆ। ਯੂਨੀਵਰਸਟੀਆਂ ਦੇ ਖਿਡਾਰੀ ਜੁਆਨ ਸਨ ਬਹੁਤ ਚੰਗੇ ਖੇਡੇ ਪਰ ਪੁਲੀਸ ਤੋਂ ਡਰਦੇ ਰਹੇ ਜਿਸ ਕਰਕੇ ਆਪਣੀ ਚੋਟੀ ਦੀ ਵਧੀਆਂ ਖੇਡ ਨਾ ਖੇਲ ਸਕੇ। ਇਸ ਟੀਮ ਦੇ ਰਾਈਟ ਇੰਨ, ਜਗਦੀਪ ਸਿੰਘ ਤੋਂ ਇਹ ਸੰਭਾਵਨਾ ਬੱਝਦੀ ਹੈ ਕਿ ਇਹ ਆਉਣ ਵਾਲੇ ਸਾਲਾਂ ਵਿਚ ਦੇਸ਼ ਦੀ ਚੰਗੀ ਸੇਵਾ ਕਰ ਸਕੇਗਾ। ਯੂਨੀਵਰਸਟੀਜ਼ ਦੀ ਟੀਮ ਨੇ ਇੰਡੀਅਨ ਏਅਰ-ਲਾਈਨਜ਼ ਦੀ ਸਿਤਾਇਆਂ ਸਜੀ ਟੀਮ ਨੂੰ ੧-੦ ਨਾਲ ਹਰਾਇਆ (ਇਸ ਵਿਚ ਸੁਖਬੀਰ ਗਰੇਵਾਲ ਅਤੇ ਅਸ਼ੋਕ ਕੁਮਾਰ ਖੇਡ ਰਹੇ ਸਨ) ਈ. ਐਮ. ਈ ਤੋਂ ੦-੧ ਤੇ ਹਾਰੇ ਜਪਾਨ ਨੂੰ ੩-੦ ਤੇ ਜਿਤਿਆ ਅਤੇ ਬੀ. ਐਸ' ਐਫ. ਨਾਲ ਬਰਾਬਰ ਰਹੀ ਸੀ।

ਬੀ. ਐਸ. ਐਫ ਦੀ ਟੀਮ ਬੜੀ ਮਸ਼ਹੂਰ ਟੀਮ ਹੈ ਅਤੇ ਇਸ ਦੀ ਦੇਸ਼ ਵਿਚ ਧਾਂਕ ਹੈ। ਪਰ ਇਸ ਵਾਰ ਇਹ ਲੀਗ ਮੈਚਾਂ ਵਿਚ ਵੀ ਪ੍ਰਵੇਸ਼ ਨਹੀਂ ਕਰ ਸਕੀ। ਟੀਮ ਕਾਫੀ ਕਮਜ਼ੋਰ ਸੀ ਅਤੇ ਈ. ਐਮ. ਈ ਤੋਂ ਹਾਰ ਕੇ ਟੂਰਨਾਮੈਂਟ ਚੋਂ ਬਹਾਰ ਹੋ ਗਈ। ਫੇਰ ਵੀ ਬਲਦੇਵ ਸਿੰਘ ਕਪਤਾਨ ਦੀ ਖੇਡ ਬਹੁਤ ਨਿਖਰੀ ਹੋਈ ਸੀ।

ਟੂਰਨਾਮੈਂਟ ਵਿਚ ਸੋਢੀ, ਸੁਰਜੀਤ, ਗਰੇਵਾਲ ਅਤੇ ਗੁਰਦੀਪ ਦਾ ਪ੍ਰਦਰਸ਼ਨ ਬਹੁਤ ਵਧੀਆਂ ਰਿਹਾ।

ਨਹਿਰੂ ਟੂਰਨਾਮੈਂਟ ਦੇਸ਼ ਦਾ ਪ੍ਰਮੁਖ ਹਾਕੀ ਟੂਰਨਾਮੈਂਟ ਹੈ। ਪੰਜਾਬ ਪੁਲੀਸ ਦਾ ਜਿਤਣਾ ਇਹ ਸਾਬਤ ਕਰਦਾ ਹੈ ਕਿ ਪੰਜਾਬ ਅਜੇ ਵੀ ਹਾਕੀ ਵਿਚ ਸਿਖਰਾਂ ਤੇ ਹੈ ਅਤੇ ਭਾਰਤ ਦੀ ਹਾਕੀ ਨੂੰ ਆਪਣੇ ਮੋਢਿਆਂ ਤੇ ਚੁਕਣ ਦੇ ਸਮਰਥ ਹੈ।



Sri Satguru Jagjit Singh Ji Elibrary NamdhariElibrary@gmail.com

ਹਰ ਪਰਕਾਰ ਦੇ ਡੀਜ਼ਲ ਇੰਜਨਾਂ ਦੀਆਂ ਨੋਜ਼ਲਾਂ
ਗਰਾਈਂਡ ਅਤੇ ਪੰਪ ਟੈਸਟ ਕਰਨ ਲਈ

Sehmi

ਟਰੇਡ ਮਾਰਕ
ਦੀਆਂ ਭਰੋਸੇ ਯੋਗ ਮਸ਼ੀਨਾਂ :



ਨੋਜ਼ਲ ਗਰਾਈਂਡਰ



ਨੋਜ਼ਲ ਟੈਸਟਰ



ਪੰਪ ਟੈਸਟਿੰਗ ਮਸ਼ੀਨ

ਬਣਾਉਣ ਵਾਲੇ :-

**ਸੇਹਮੀ ਆਟੋ ਮਸ਼ੀਨਜ਼ (ਇੰਡੀਆ)**

ਜੀ. ਟੀ. ਰੋਡ, ਬਟਾਲਾ-143505

ਫੋਨ—1234 ਗਰਾਮ : ਸੇਹਮੀ
ਰਿਹਾਇਸ਼—1434



REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

**MODERN GUN WORKS**

Opp. Industrial Estate,

JAMMU CANTT.




Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਸੰਗੀਤ ਕੇਂਦਰ ਜਲੰਧਰ ਦਾ ਸੰਗੀਤ ਸਮਾਰੋਹ

੮ ਨਵੰਬਰ ਨੂੰ ਨਾਮਧਾਰੀ ਸੰਗੀਤ ਕੇਂਦਰ ਜਲੰਧਰ ਵਲੋਂ ਸ਼ਾਸਤਰੀ ਸੰਗੀਤ ਦੀ ਇਕ ਸ਼ਾਮ ਦਾ ਪਰਬੰਧ ਨਾਮ-ਧਾਰੀ ਧਰਮਸਾਲਾ ਸੈਂਟਰਲ ਟਾਊਨ ਜਲੰਧਰ ਵਿਚ ਕੀਤਾ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪਣੀ ਪਾਵਨ ਉਪਸਤਥੀ ਨਾਲ ਇਸ ਸਮਾਗਮ ਨੂੰ ਆਪਣੀ ਆਸ਼ੀਰਵਾਦ ਪਰਦਾਨ ਕੀਤੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ ਇਸ ਸੰਗੀਤ ਸਮਾਗਮ ਵਿਚ ਪੰਜਾਬ ਦੇ ਪ੍ਰਸਿਧ ਕਲਾਕਾਰਾਂ ਅਤੇ ਯੁਵਕ ਨਾਮਧਾਰੀ ਕਲਾਕਾਰਾਂ ਨੇ ਭਾਗ ਲਿਆ।

ਪ੍ਰੋਗਾਰਾਮ ਦੀ ਸ਼ੁਰੂਆਤ ਗੁਰਦੇਵ ਸਿੰਘ ਕੋਇਲ ਵਲੋਂ ਗੌੜੀ ਪੂਰਬੀ ਰਾਗ ਵਿਚ ਗਾਏ ਇਕ ਧਰੁਪਦ ਨਾਲ ਹੋਈ। ਇਹ ਰਚਨਾ ਪੁਰਾਣੇ ਮੁਸਲਮਾਨ ਰਬਾਬਾ ਭਾਈ ਕਾਲੂ ਦੀ ਸੀ। ਇਨ੍ਹਾਂ ਨਾਲ ਪਖਾਵਜ ਤੇ ਸੰਗਤ ਪ੍ਰਸਿਧ ਨਾਮਧਾਰੀ ਰਾਗੀ ਸੰਤ ਖਚਾਨ ਸਿੰਘ ਜੀ ਨੇ ਕੀਤੀ। ਇਨ੍ਹਾਂ ਤੋਂ ਬਾਅਦ ਜਲੰਧਰ ਕੇਂਦਰ ਦੇ ਵਿਦਿਆਰਥੀ ਸੁਰਿੰਦਰ ਸਿੰਘ ਨੇ ਰਾਗ ਜੈ-ਜੈ ਵੰਤੀ ਵਿਚ ਗਾਇਨ ਪੇਸ਼ ਕੀਤਾ।

ਉਪਰੰਤ ਰਾਜੇਸਵਰੀ ਕਲਾ ਸੰਗਮ ਜਲੰਧਰ ਦੇ ਸੰਗੀਤ ਵਿਦਿਆਰਥੀ ਸ੍ਰੀ ਰਾਜਿੰਦਰ ਸਿੰਘ ਨੇ ਬੰਸਰੀ ਤੇ ਰਾਗ ਮਾਰਵਾ ਵਜਾਇਆ। ਤਬਲੇ ਤੇ ਸਹਿਯੋਗ ਪੰਡਤ ਰਮਾਂ ਕਾਂਤ ਜੀ ਪ੍ਰਸਿਧ ਤਬਲਾ ਕਲਾਕਾਰ ਅਤੇ ਉਸਤਾਦ ਜੀ ਨੇ ਦਿਤਾ।

ਜਲੰਧਰ ਕੇਂਦਰ ਦੇ ਬਨਾਰਸ ਵਿਚ ਪੰਡਤ ਕਿਸ਼ਨ ਮਹਾਰਾਜ ਪਾਸੋਂ ਤਬਲਾ ਸਿਖ ਰਹੇ ਯੁਵਕ ਸੁਖਦੇਵ ਸਿੰਘ ਨੇ ਸੁਤੰਤਰ ਤਬਲਾ ਵਾਦਨ ਪੇਸ਼ ਕੀਤਾ। ਸ: ਮਹਿੰਦਰ ਸਿੰਘ ਜੀ ਦੇ ਸ਼ਿਸ਼ ਬਲਜੀਤ ਸਿੰਘ ਨੇ ਰਾਗੇਸ਼ਵਰੀ ਵਿਚ ਖਿਆਲ ਦਾ ਗਾਇਨ ਕੀਤਾ ਤਬਲੇ ਤੇ ਸੰਗਤ ਸੁਖਵਿੰਦਰ ਸਿੰਘ (ਜਲੰਧਰ—ਬਨਾਰਸ) ਨੇ ਕੀਤੀ। ਇਸ ਪ੍ਰੋਗਰਾਮ ਨੇ ਭਾਰੀ ਗਿਣਤੀ ਵਿਚ ਆਏ ਸ੍ਰੋਤਿਆਂ ਪਾਸੋਂ ਰਜਵੀਂ ਦਾਤ ਪ੍ਰਾਪਤ ਕੀਤੀ। ਭਾਰਤ ਦੇ ਲਾਜਵਾਬ ਸਾਰੰਗੀ ਕਲਾਕਾਰ ਪੰਡਤ ਰਾਮ ਨਰਾਇਣ ਜੀ ਦੇ ਸ਼ਾਗਿਰਦ ਸੁਰਜੀਤ ਸਿੰਘ ਦਾ ਸਾਰੰਗੀ ਤੇ ਵਜਾਇਆ ਰਾਗ ਯਮਨ ਉਸਦੀ ਸਾਰੰਗੀ ਵਰਗੇ ਸਾਜ ਦੀ ਸਾਧਨਾ ਅਤੇ ਗੁਰੂ ਦੀ ਕ੍ਰਿਪਾ ਦਾ ਜ਼ਿੰਦਾ ਸਬੂਤ ਸੀ।

ਹੁਣ ਪੌਣੇ ਪੰਦਰਾਂ ਮਾਤਰਾ ਵਿਚ ਗਾਏ ਧਰੁਪਦ ਨੇ ਗੁਣੀ ਜਨਾਂ ਵਾਸਤੇ ਵਿਸ਼ੇਸ਼ ਹੈਰਾਨੀ ਭਰਿਆ ਆਕਰਸ਼ਨ ਪੈਦਾ ਕਰ ਦਿਤਾ। ਬਾਲ ਗਾਇਕ ਸਨ ਬਲਜੀਤ ਸਿੰਘ, ਸੁਖਦੇਵ ਸਿੰਘ ਅਤੇ ਮੋਹਨ ਸਿੰਘ, ਇਹਨਾਂ ਨਾਲ ਬਾਰੀਕੀ ਨਾਲ ਤਬਲੇ (ਪਖਾਵਜ) ਤੇ ਸੰਗਤ ਕਰ ਰਿਹਾ ਸੀ ਸੁਖਵਿੰਦਰ ਸਿੰਘ (ਸ੍ਰੀ ਭੈਣੀ ਸਾਹਿਬ—ਬਨਾਰਸ)। ਗੁਰੂ ਗੋਬਿੰਦ ਸਿੰਘ ਜੀ ਵਲੋਂ ਦਸਮ ਗ੍ਰੰਥ ਵਿਚ ਕ੍ਰਿਸ਼ਨਾਵਤਾਰ 'ਚ ਲਿਖੇ ਕਬਿਤ 'ਕਰੁਣਾ ਨਿਧਾਨ ਬੇਦ' ਦੀ ਬੰਦਸ਼ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਬਣਾਈ ਹੈ ਅਤੇ ਇਸ ਵਿਚ ਤਿਹਾਈਆਂ ਦੀ ਜੜਤ ਦਾ ਬਹੁਤ ਮੁਸ਼ਕਲ ਕੰਮ ਕੀਤਾ ਗਿਆ ਹੈ।

ਭਾਰਤ ਦੇ ਉਚ ਕੋਟੀ ਦੀ ਗਾਇਕ ਜੋੜੀ, ਰਾਜਨ-ਸਾਜਨ ਮਿਸ਼ਰਾ ਭਰਾਵਾਂ ਤੋਂ ਗਾਇਣ ਦੀ ਸਿਖਿਆ ਲੈ ਰਹੀ ਜੋੜੀ ਸੁਖਦੇਵ ਸਿੰਘ ਮੋਹਨ ਸਿੰਘ ਨੇ ਰਾਗ ਮਾਲਕੌਂਸ ਵਿਚ ਖਿਆਲ ਗਾਕੇ ਆਪਣੇ ਗੁਰੂ ਜੀ ਦੀ ਸ਼ੈਲੀ ਨੂੰ ਮੂਰਤੀਮਾਨ ਕੀਤਾ। ਤਬਲੇ ਤੇ ਸੁਖਵਿੰਦਰ ਸਿੰਘ।

ਪੰਡਤ ਕਿਸ਼ਨ ਮਹਾਰਾਜ ਦੇ ਇਕ ਹੋਰ ਸ਼ਾਗਿਰਦ ਜਲੰਧਰ ਦੇ ਸੁਖਵਿੰਦਰ ਸਿੰਘ ਦਾ ਸੁਤੰਤਰ ਤਬਲਾ ਵਾਦਨ ਸ੍ਰੋਤਿਆਂ ਨੂੰ ਮੋਹ ਗਿਆ।

ਉਸਤਾਦ ਕਲਾਕਾਰਾਂ ਵਿਚ ਸਭ ਤੋਂ ਪਹਿਲਾਂ ਸ੍ਰੀ



Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਨ੍ਹਾਂ ਦੀ ਛਤਰ ਛਾਇਆਂ ਹੇਠ ਪ੍ਰੋਗਰਾਮ ਹੋਇਆ।
ਤਸਵੀਰ ਵਿਚ ਸਜੇ ਪਾਸੇ ਤੋਂ ਸੇਠ ਤ੍ਰਲੋਕ ਸਿੰਘ ਚਾਵਲਾ, ਸੰਤ ਮਹਿੰਦਰ ਸਿੰਘ ਪ੍ਰੀਤਬਾ, ਚੌਂਤ ਬਤਦਾਤ
ਸੂਬਾ ਧਰਮ ਸਿੰਘ। ਪਿਛੇ ਸ: ਕਰਤਾਰ ਸਿੰਘ ਜੰਮੂ ਵਾਲੇ।



ਪੰਡਤ ਦਮਾਂ ਕਾਂਤ



ਸੰਤ ਖਜ਼ਾਨ ਸਿੰਘ



ਉਸਤਾਦ ਮਹਿੰਦਰ ਸਿੰਘ



ਸ੍ਰੀ ਵੀਰੇਂਦਰ ਕੁਮਾਰ



ਸ੍ਰੋਤਿਆਂ ਦਾ ਦ੍ਰਿਸ਼



ਸ੍ਰੋਤਿਆਂ ਦਾ ਦ੍ਰਿਸ਼:—ਸ: ਜੋਧ ਸਿੰਘ, ਸ੍ਰੀ ਰਾਮ ਲਾਲ।
ਐਮ. ਐਲ. ਏ. ਪ੍ਰੋ ਕ੍ਰਿਪਾਲ ਸਿੰਘ ਅਤੇ ਹੋਰ।

Sri Satguru Jagjit Singh Ji Elibrary NamdhariElibrary@gmail.com



ਸ: ਅਵਤਾਰ ਸਿੰਘ



ਰਾਜਿੰਦਰ ਸਿੰਘ



ਬਲਜੀਤ ਸਿੰਘ



ਸ੍ਰੀ ਮੋਹਨ ਮਲਸਿਆਨੀ



ਸੁਰਿੰਦਰ ਸਿੰਘ



ਸੁਖਵਿੰਦਰ ਸਿੰਘ ਭੈਣੀ ਸਾਹਿਬ



ਸੁਖਵਿੰਦਰ ਸਿੰਘ ਜਲੰਧਰ



ਸੁਰਜੀਤ ਸਿੰਘ



ਮੋਹਨ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ ।



ਸੁਖਦੇਵ ਸਿੰਘ



ਗੁਰਦੇਵ ਸਿੰਘ ਕੋਇਲ



Sri Satguru Jagjit Singh Ji Elibrary NamdhariElibrary@gmail.com

ਮੋਹਨ ਮਲਸਿਆਨੀ ਜੀ ਨੇ ਮਾਲਕੌਂਸ ਵਿਚ ਗਾਇਨ ਕੀਤਾ। ਤਬਲੇ ਤੇ ਪੰਡਤ ਰਮਾਂ ਕਾਂਤ ਜੀ ਸਨ।

ਇਸ ਪਿਛੋਂ ਸਿਤਾਰ ਦੇ ਕਲਾਕਾਰ ਸ੍ਰੀ ਵੀਰੇਂਦਰ ਨੇ ਰਾਗ ਆਭੋਗੀ ਵਿਚ ਆਲਾਪ ਜੋੜ ਝਾਲਾ ਅਤੇ ਗਤਾਂ ਵਜਾ ਕੇ ਸਮਾਂ ਬੰਨ ਦਿਤਾ। ਤਬਲੇ ਤੇ ਸਹਿਯੋਗ ਪੰਡਤ ਰਮਾਂ ਕਾਂਤ ਜੀ ਨੇ ਹੀ ਦਿਤਾ।

ਪੰਜਾਬ ਦੇ ਉਘੇ ਤਬਲਾ ਕਲਾਕਾਰ ਸ: ਅਵਤਾਰ ਸਿੰਘ ਦਾ ਸੁਤੰਤਰ ਤਬਲਾ ਵਾਦਨ ਹੋਇਆ। ਇਹਨਾਂ ਦੇ ਉਸਤਾਦ ਪੰਡਤ ਸਾਮਤਾ ਪ੍ਰਸਾਦਿ ਜੀ ਦੀ ਰਸੀਲੀ ਕਲਾਕਾਰੀ ਦੀਆਂ ਝਲਕਾਂ ਇਹਨਾਂ ਦਿਆਂ ਪੋਟਿਆਂ ਦੁਆਰਾ ਪ੍ਰਦਰਸ਼ਤ ਹੋਈਆਂ।

ਅੱਧੀ ਰਾਤ ਦਾ ਸਮਾਂ ਹੋ ਗਿਆ ਸੀ। ਸ: ਮਹਿੰਦਰ ਸਿੰਘ ਜੀ ਨੇ ਜਦੋਂ ਦਰਬਾਰੀ ਦਾ ਆਲਾਪ ਸ਼ੁਰੂ ਕੀਤਾ ਤਾਂ ਸ੍ਰੋਤਿਆਂ ਤੇ ਜਾਦੂ ਤਾਰੀ ਹੋ ਗਿਆ। ਹਣ ਸਵੇਰ ਦਾ ਪੱਖ ਲਗ ਚੁਕਾ ਸੀ। ਸ੍ਰੋਤਿਆਂ ਦੀ ਫਰਮਾਇਸ਼ ਤੇ ਸ: ਮਹਿੰਦਰ ਸਿੰਘ ਜੀ ਨੇ ਰਾਗ ਆਸਾ ਦੀ ਪ੍ਰਸਿਧ ਠੁਮਰੀ ਗਾਈ "ਦਰਸ਼ਨ ਪਿਆਸੇ ਨੈਣ" ਅਤੇ ਇਹਨਾਂ ਦੇ ਪ੍ਰੋਗਰਾਮ ਨਾਲ ਸੰਗੀਤ ਪ੍ਰੋਗਰਾਮ ਦੀ ਸਮਾਪਤੀ ਹੋਈ।

ਨਾਮਧਾਰੀ ਸੰਗੀਤ ਕੇਂਦਰ ਦੇ ਸੰਚਾਲਕ ਸ: ਜਗਦੀਸ਼ ਸਿੰਘ ਨੇ ਐਲਾਨ ਕੀਤਾ ਕਿ ਸੰਗੀਤ ਕੇਂਦਰ ਨੂੰ ਹੋਰ ਬਾਕਾਇਦਗੀ ਨਾਲ ਚਲਾਇਆ ਜਾਵੇਗਾ। ਇਸ ਮੰਤਵ ਵਿਚ ਉਹਨਾਂ ਸ੍ਰੋਤਿਆਂ ਨੂੰ ਮਦਦ ਲਈ ਅਪੀਲ ਕੀਤੀ। ਉਹਨਾਂ ਇਹ ਤਜਵੀਜ਼ ਰਖੀ ਕਿ ਇਸ ਪ੍ਰੋਗਰਾਮ ਨੂੰ ਚਲਾਉਣ ਵਾਸਤੇ ਸੰਗੀਤ ਸਹਿਯੋਗੀ ਘਟੋ ਘਟ ਇਕ ਸੌ ਰੁਪਿਆ ਸਾਲਾਨਾ ਦਿਆ ਕਰਨ। ਇਸ ਤਜਵੀਜ਼ ਦਾ ਭਰਵਾਂ ਹੁੰਗਾਰਾ ਮਿਲਿਆ ਅਤੇ ਮੌਕੇ ਤੇ ਹੀ ਕਈ ਮੈਂਬਰ ਬਣ ਗਏ। ਇਸ ਸਕੀਮ ਦਾ ਵਿਸਥਾਰ ਸਹਿਤ ਹਾਲ ਪ੍ਰਕਾਸ਼ਤ ਕੀਤਾ ਜਾਵੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੇਂਦਰ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਕੀਤੇ ਗਏ ਉਪਰਾਲੇ ਨੂੰ ਆਸ਼ੀਰਵਾਦ ਪ੍ਰਦਾਨ ਕੀਤੀ ਅਤੇ ਕਲਾਕਾਰਾਂ ਨੂੰ ਸੰਗੀਤ ਸਾਧਨਾ ਵਲ ਹੋਰ ਵੀ ਜ਼ੋਰ ਦੇਣ ਵਾਸਤੇ ਕਿਹਾ। ●

—ਅਜਮੇਰ

# ਸ਼ਰਾਬ ਪੀਣ ਨਾਲ ਦਿਲ ਨਕਾਰਾ ਹੋ ਸਕਦਾ ਹੈ

ਨਿਊਯਾਰਕ, ੨੦ ਨਵੰਬਰ (ਏ. ਪੀ.)—ਰੋਜ਼ਾਨਾ ਹੀ ਸ਼ਰਾਬ ਪੀਣ ਨਾਲ ਤੁਹਾਡਾ ਦਿਲ ਨਕਾਰਾ ਹੋ ਸਕਦਾ ਹੈ। ਇਹ ਖੋਜ ਜੋ ਹੁਣੇ ਜਿਹੇ ਹੀ ਕੀਤੀ ਗਈ ਹੈ, ਵਿਚ ਕਿਹਾ ਗਿਆ ਹੈ ਕਿ ਭਾਵੇਂ ਸ਼ਰਾਬ ਕਿੰਨੀ ਵਧੀਆ ਵੀ ਕਿਉਂ ਨਾ ਹੋਵੇ, ਉਹ ਦਿਲ ਤੇ ਬਹੁਤ ਹੀ ਮਾੜਾ ਅਸਰ ਪਾਉਂਦੀ ਹੈ। ਵਾਸ਼ਿੰਗਟਨ ਦੇ ਮੈਡੀਕਲ ਕਾਲਜ ਵਲੋਂ ਕੀਤੀ ਖੋਜ ਵਿਚ ਕਿਹਾ ਗਿਆ ਹੈ ਕਿ ਜੋ ਲੋਕ ਸ਼ਰਾਬ ਜ਼ਿਆਦਾ ਪੀਂਦੇ ਹਨ, ਦੇ ਦਿਲ ਹੀ ਜਲਦੀ ਫੇਲ੍ਹ ਹੁੰਦੇ ਹਨ ਤੇ ਸ਼ਰਾਬ ਦਿਲ ਨੂੰ ਨਕਾਰਾ ਕਰ ਦਿੰਦੀ ਹੈ।

---

"ਇੱਕ ਮੁੱਠੀ ਅੰਗਿਆਰ" (ਗਜ਼ਲਾਂ) "ਆਵਾਜ਼" (ਗੀਤ) ਅਤੇ "ਮਾਰੂਥਲ ਦੇ ਰਾਹੀ" (ਕਹਾਣੀਆਂ)
ਤੋਂ ਪਿੱਛੋਂ ਮਹਿੰਦਰ ਭੱਟੀ ਦਾ
ਨਵਾਂ ਕਾਵਿ-ਸੰਗ੍ਰਹਿ
"ਜ਼ਰਦ ਪੱਤੇ"
ਪ੍ਰਕਾਸ਼ਕ : ਦੀਪਕ ਪਬਲਿਸ਼ਰਜ਼
ਮਾਈ ਹੀਰਾਂ ਗੇਟ, ਜਲੰਧਰ।

---

ਗੁਲਜ਼ਾਰ ਮੁਹੰਮਦ ਗੋਰੀਆ
ਪਿੰਡ ਪਪੜੌਦੀ, ਡਾਕਖਾਨਾ ਸਮਰਾਲਾ ਜ਼ਿ: ਲੁਧਿਆਣਾ
ਦਾ ਪਹਿਲਾ ਕਹਾਣੀ ਸੰਗ੍ਰਹਿ
ਚਿੱਤਰ ਦੀ ਉਡੀਕ
ਮੁਲ ੧੨ ਰੁਪਏ
ਪ੍ਰਕਾਸ਼ਕ ਦੀਪਕ ਪਬਲਿਸ਼ਰਜ਼
ਮਾਈ ਹੀਰਾਂ ਗੇਟ, ਜਲੰਧਰ-੧੪੪੦੦੧.



Sri Satguru Jagjit Singh Ji Elibrary NamdhariElibrary@gmail.com

WITH BEST COMPLIMENTS FROM :

H. O. Phone : 51510

# Harbhajan Sarbjeet & Associates

**CIVIL ENGINEERING CONTRACTORS**

**H. O. 562/6 Ramgarh Colony,**

**Kanpur Road, LUCKNOW – 5 (U. P.)**

**Branches :**

Bunglow No. 2
S. B. H. Officers Col ny
Opp. Govt. Milk Scheme
AURANGABAD (M.S.)

Phone : 3587
S. E. G. L Project
Central Railway
P. O. Karjat
Distt. Colaba (M.S.)

Upper Penganga Project
P. O. Waranga
TQ. Kalamnuri
Distt. Parbhani (M.S.)

Thermal Power Project
Sakatpura
KOTA-8 (Rajasthan)
Phone : 3364

**Works in Hand**

Construction of Paithan Right bank Canal.
Jayakwadi Project
AURANGABAD (M S.)
Costing Rs 3.20 Crores

Construction of Central Railways Project in between Karjat & Lonavala (Bombay)
Costing Rs 1.13 Crores

Construction of Waranga Tunnel
2 5 km long on Upper Penganga Project
NANDED (M.S.)
Costing Rs. 2.33 Crores

Excavation of Road Cutting for
Thermal Power Station, Kota
Costing Rs 1 67 Crores.



Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM December
Registered with the registrar of News Papers for India No. 26453/75

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।


# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸੁਆਦ ਲਈ ਵਰਤੋ

Phones : 5656
5625

*Sri Hari Partap Trading Centre*

**6/85 W. E. A. KAROL BAGH**

**NEW DELHI-110005**


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji Elibrary NamdhariElibrary@gmail.com

Monthly WARIAM, La... Road, Jullundur-144001.